Fair Advice Financial | Care Wealth Management Inc.

RDSP (Registered Disability Savings Plan)

Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.

Contact : 647-951-7900

SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ

# ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 186 Monday, September 28, 2020 Tel: 905-793-2202 | Fax: 905-793-2282 | news@punjabipost.ca



JOSHI LAW OFFICE
Barrister, Solicitor & Notary Public

- Immigration
- Real Estate
- Commercial Law
- Affidavit
- Power of Attorney

Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit punjabipost.ca/epaper THE ONLY DAILY PUNJABI NEWSPAPER *ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*


# ਮੋਦੀ ਸਰਕਾਰ ਦੇ ਤਿੰਨਾਂ ਖੇਤੀ ਬਿੱਲਾਂ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਮਿਲੀ

ਨਵੀਂ ਦਿੱਲੀ, 27 ਸਤੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਬਿੱਲਾਂ ਬਾਰੇ ਸੜਕਾਂ ਉੱਤੇਸੰਘਰਸ਼ ਹੋਣ ਦੇ ਬਾਵਜੂਦ ਪਾਰਲੀਮੈਂਟ ਵਿੱਚ ਪਾਸ ਹੋਏ ਇਨ੍ਹਾਂ ਬਿੱਲਾਂ ਨੂੰ ਅੱਜ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਮਨਜ਼ੂਰੀ ਦੇ ਦਿੱਤੀ ਹੈ। ਇਸ ਪਿੱਛੋਂ ਇਨ੍ਹਾਂ ਦੇ ਕਾਨੂੰਨੀ ਰੂਪ ਬਾਰੇ ਸਰਕਾਰ ਇਨ੍ਹਾਂ ਨੂੰ ਲਾਗੂ ਕਰਨ ਦਾ ਨੋਟੀਫਾਈ ਕਰੇਗੀ।

ਵਰਨਣ ਯੋਗ ਹੈ ਕਿ ਨਰਿੰਦਰ ਮੋਦੀ ਸਰਕਾਰ ਦੇ ਇਨ੍ਹਾਂ ਤਿੰਨ ਖੇਤੀ ਬਿੱਲਾਂ ਵਿਰੁੱਧ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਕਿਸਾਨ ਜ਼ੋਰਦਾਰ ਪ੍ਰਦਰਸ਼ਨ ਕਰ ਰਹੇ ਹਨ ਤੇ ਪੰਜਾਬ ਵਿੱਚਵੀ ਪ੍ਰਦਰਸ਼ਨ ਜਾਰੀ ਹੈ। ਮੋਦੀ ਸਰਕਾਰ ਦੇਇਹ ਤਿੰਨ ਬਿੱਲ, ਕਿਸਾਨੀ ਉਪਜ ਵਪਾਰ ਤੇ ਵਣਜ (ਪ੍ਰਮੋਸ਼ਨ ਤੇ ਸਹੂਲਤ) ਬਿੱਲ 2020, ਕਿਸਾਨ (ਸ਼ਕਤੀਕਰਨ ਅਤੇ ਸੁਰੱਖਿਆ) ਕੀਮਤ ਭਰੋਸਾ ਐਗਰੀਮੈਂਟ ਅਤੇ ਖੇਤੀ ਸੇਵਾਵਾਂ ਬਿੱਲ 2020 ਤੇ ਜ਼ਰੂਰੀ ਵਸਤਾਂ (ਸੋਧ) ਬਿੱਲ 2020ਜੂਨ ਵਿੱਚ ਜਾਰੀ ਕੀਤੇ ਜਾਰੀ ਹੋਏ ਆਰਡੀਨੈਂਸਾਂ ਦੀ ਥਾਂ ਲੈਣਗੇ। ਹਾਲੇ ਪਿਛਲੇ ਹਫ਼ਤੇ ਦੇਸ਼ ਦੇ



ਖੇਤੀ ਮੰਤਰੀ ਵੱਲੋਂ ਚਰਚਾ ਲਈ ਪੇਸ਼ ਕੀਤੇ ਗਏਗਏ ਦੋ ਬਿੱਲਾਂ: ਕਿਸਾਨੀ ਉਪਜ ਵਪਾਰ ਅਤੇ ਵਣਜ (ਪ੍ਰਮੋਸ਼ਨ ਅਤੇ ਸਹੂਲਤ) ਬਿੱਲ ਅਤੇ ਕਿਸਾਨ (ਸ਼ਕਤੀਕਰਨ ਤੇ ਸੁਰੱਖਿਆ) ਕੀਮਤ ਐਗਰੀਮੈਂਟ ਤੇ ਖੇਤੀ ਸੇਵਾਵਾਂ ਬਿੱਲ ਦਾ ਵਿਰੋਧੀ ਦਲਾਂ ਨੇ ਜ਼ੋਰਦਾਰ ਵਿਰੋਧ ਕੀਤਾ ਸੀ ਤੇ ਇਨ੍ਹਾਂ ਦੋਵਾਂ ਬਿੱਲਾਂ ਨੂੰ ਕਿਸਾਨਾਂ ਦੇ ਹਿੱਤਾਂ ਦੇ ਖ਼ਿਲਾਫ ਤੇ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਦੇਣ ਵਾਲੇ ਆਖਿਆ ਸੀ। ਸਰਕਾਰ ਇਨ੍ਹਾਂ ਬਿੱਲਾਂ ਨੂੰ ਕਿਸਾਨਾਂ ਲਈ ਫਾਇਦੇਮੰਦ ਦੱਸਦੀ ਹੈ ਅਤੇ ਉਸ ਦਾ ਕਹਿਣਾ ਹੈ ਕਿ ਇਸ ਨਾਲ ਕਿਸਾਨਾਂ ਨੂੰ ਫ਼ਸਲ ਵੇਚਣ ਦੀ ਆਜ਼ਾਦੀ ਮਿਲੇਗੀ। ਸਰਕਾਰ ਦਾ ਕਹਿਣਾ ਹੈ ਕਿ ਕੁਝਸਿਆਸੀ ਪਾਰਟੀਆਂ ਕਿਸਾਨਾਂ ਨੂੰ ਇਨ੍ਹਾਂ ਬਾਰੇ ਗੁੰਮਰਾਹ ਕਰਦੀਆਂ ਹਨ। ਸਰਕਾਰ ਇਹ ਵੀ ਭਰੋਸਾ ਦੇ ਰਹੀ ਹੈ ਕਿ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਖ਼ਤਮ ਨਹੀਂ ਹੋਵੇਗਾ, ਪਰ ਕਿਸਾਨ ਚਾਹੁੰਦੇ ਹਨ ਕਿ ਸਰਕਾਰ ਇਸ ਭਰੋਸੇ ਨੂੰ ਵੀ ਬਿੱਲ ਵਿੱਚ ਸ਼ਾਮਲ ਕਰਦੀ ਤਾਂ ਜੋ ਇਹ ਯਕੀਨੀ ਹੁੰਦਾ।

# ਲਿਬਰਲਾਂ ਤੇ ਐਨਡੀਪੀ ਦਰਮਿਆਨ ਡੀਲ ਸਿਰੇ ਚੜ੍ਹੀ, ਚੋਣਾਂ ਟਲੀਆਂ

ਓਟਵਾ, 27 ਸਤੰਬਰ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦੌਰਾਨ ਵਰਕਰਜ਼ ਦੀ ਸਹਾਇਤਾ ਬਦਲੇ ਲਿਬਰਲ ਸਰਕਾਰ ਨੂੰ ਸਮਰਥਨ ਦੇਣ ਵਾਸਤੇ ਐਨਡੀਪੀ ਆਖਿਰਕਾਰ ਤਿਆਰ ਹੋ ਹੀ ਗਈ। ਇਸ ਨਾਲ ਰਾਜ ਭਾਸ਼ਣ ਤੋਂ ਬਾਅਦ ਜਿਸ ਭਰੋਸੇ ਦੇ ਵੋਟ ਦੀ ਲਿਬਰਲਾਂ ਨੂੰ ਲੋੜ ਸੀ ਉਹ ਉਨ੍ਹਾਂ ਨੂੰ ਹਾਸਲ ਹੋ ਜਾਵੇਗਾ।

ਐਨਡੀਪੀ ਆਗੂ ਜਗਮੀਤ ਸਿੰਘ ਨੇ ਇਸ ਡੀਲ ਨੂੰ ਇਤਿਹਾਸਕ ਦੱਸਿਆ ਤੇ ਆਖਿਆ ਕਿ ਉਨ੍ਹਾਂ ਦੀ ਪਾਰਟੀ ਵੱਲੋਂ ਬਿੱਲ ਸੀ-2 ਵਿੱਚ ਜਿਨ੍ਹਾਂ ਤਬਦੀਲੀਆਂ ਦੀ ਮੰਗ ਕੀਤੀ ਗਈ ਹੈ ਉਸ ਨਾਲ ਕਈ ਮਿਲੀਅਨ ਕੈਨੇਡੀਅਨਜ਼ ਦਾ ਭਲਾ ਹੋਵੇਗਾ ਤੇ ਉਨ੍ਹਾਂ ਨੂੰ ਦੋ ਹਫਤੇ ਦੀ ਪੇਡ ਸਿੱਕ ਲੀਵ ਮਿਲ ਸਕਿਆ ਕਰੇਗੀ। ਨਹੀਂ ਤਾਂ ਇਸ ਦੀ ਥਾਂ ਉੱਤੇ ਸਰਕਾਰ ਦੇ ਅਸਲ ਪ੍ਰਸਤਾਵ ਵਿੱਚ ਕੁੱਝ ਕੁ ਕੈਨੇਡੀਅਨਾਂ ਦਾ ਹੀ ਭਲਾ ਹੋਣਾ ਸੀ।

ਸ਼ੁੱਕਰਵਾਰ ਨੂੰ ਪਾਰਲੀਆਮੈਂਟ ਹਿੱਲ ਉੱਤੇ ਨਿਊਜ਼ ਕਾਨਫਰੰਸ ਵਿੱਚ ਜਗਮੀਤ ਸਿੰਘ ਨੇ ਆਖਿਆ ਕਿ




ਕੈਨੇਡਾ ਦੇ ਇਤਿਹਾਸ ਵਿੱਚ ਅਜਿਹਾ ਪਹਿਲੀ ਵਾਰੀ ਹੋਇਆ ਹੈ ਕਿ ਸਾਡੇ ਕੋਲ ਪੇਡ ਸਿੱਕ ਲੀਵ ਲਈ ਅਜਿਹਾ ਫੈਡਰਲ ਪ੍ਰੋਗਰਾਮ ਹੈ। ਉਨ੍ਹਾਂ ਆਖਿਆ ਕਿ ਸਾਨੂੰ ਪੂਰੀ ਆਸ ਹੈ ਕਿ ਇਹ ਪਰਮਾਨੈਂਟ ਪ੍ਰੋਗਰਾਮ ਕਾਇਮ ਕਰਨ ਵੱਲ ਪਹਿਲਾ ਕਦਮ ਹੈ ਜੋ ਕਿ ਸਾਡੇ ਕੈਨੇਡੀਅਨ ਸੋਸ਼ਲ ਸੇਫਟੀ ਨੈੱਟ ਦਾ ਹਿੱਸਾ ਹੋਣਾ ਚਾਹੀਦਾ ਹੈ।

ਜਗਮੀਤ ਸਿੰਘ ਨੇ ਉਨ੍ਹਾਂ ਤਬਦੀਲੀਆਂ ਦਾ ਖੁਲਾਸਾ ਕਰਨ ਤੋਂ ਇਨਕਾਰ ਕਰ ਦਿੱਤਾ ਜਿਨ੍ਹਾਂ ਸਦਕਾ ਉਨ੍ਹਾਂ ਐਨੀ ਵੱਡੀ ਪ੍ਰਾਪਤੀ ਕੀਤੀ ਹੈ। ਉਨ੍ਹਾਂ ਆਖਿਆ ਕਿ ਸੋਮਵਾਰ ਨੂੰ ਜਦੋਂ ਹਾਊਸ ਆਫ ਕਾਮਨਜ਼ ਵਿੱਚ ਰਸਮੀ ਤੌਰ ਉੱਤੇ ਇਹ ਬਿੱਲ ਪੇਸ਼ ਕੀਤਾ ਜਾਵੇਗਾ ਉਦੋਂ ਹੀ ਇਹ ਸੱਭ ਦੇ ਸਾਹਮਣੇ ਆਉਣਗੀਆਂ। ਐਨਡੀਪੀ ਨੇ ਆਖਿਆ ਕਿ ਉਹ ਹਾਊਸ ਆਫ ਕਾਮਨਜ਼ ਵਿੱਚ ਇਸ ਬਿੱਲ ਨੂੰ ਜਲਦ ਤੋਂ ਜਲਦ ਪਾਸ ਕਰਵਾਉਣ ਦੀ ਕੋਸ਼ਿਸ਼ ਕਰਨਗੇ ਤੇ ਰਾਜ ਭਾਸ਼ਣ ਦਾ ਸਮਰਥਨ ਵੀ ਕਰਨਗੇ।

# ਸੀ ਈ ਆਰ ਬੀ ਪ੍ਰੋਗਰਾਮ ਮੁੱਕਿਆ: ਹੁਣ ਸੀ ਈ ਆਰ ਬੀ ਦੀ ਥਾਂ ਲਵੇਗੀ ਇੰਪਲਾਇਮੈਂਟ ਇੰਸ਼ੋਰੈਂਸ

ਓਟਵਾ, 27 ਸਤੰਬਰ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦੌਰਾਨ ਵਿੱਤੀ ਤੌਰ ਉੱਤੇ ਕੈਨੇਡੀਅਨਾਂ ਦੀ ਮਦਦ ਲਈ ਸ਼ੁਰੂ ਕੀਤਾ ਗਿਆ ਕੈਨੇਡਾ ਐਮਰਜੰਸੀ ਰਿਸਪਾਂਸ ਬੈਨੇਫਿਟ (ਸੀ ਈ ਆਰ ਬੀ) ਪ੍ਰੋਗਰਾਮ ਐਤਵਾਰ ਨੂੰ ਮੁੱਕ ਗਿਆ।




6 ਅਪਰੈਲ ਨੂੰ ਸ਼ੁਰੂ ਹੋਏ ਇਸ ਫੈਡਰਲ ਇਨਕਮ ਅਸਿਸਟੈਂਸ ਪ੍ਰੋਗਰਾਮ ਤਹਿਤ 8.5 ਮਿਲੀਅਨ ਕੈਨੇਡੀਅਨਜ਼ ਨੂੰ ਮਹੀਨੇ ਦੇ 2000 ਡਾਲਰ (ਪ੍ਰਤੀ ਵਿਅਕਤੀ) ਮੁਹੱਈਆ ਕਰਵਾਏ ਗਏ। ਇਸ ਦੀ ਥਾਂ ਉੱਤੇ ਹੁਣ ਇੰਪਲਾਇਮੈਂਟ ਇੰਸ਼ੋਰੈਂਸ (ਈਆਈ) ਹੀ ਬਹੁ ਗਿਣਤੀ ਕੈਨੇਡੀਅਨਾਂ ਦਾ ਬੁੱਤਾ ਸਾਰੇਗੀ। ਜਿਸ ਕਿਸੇ ਨੇ ਵੀ ਸੀ ਈ ਆਰ ਬੀ ਲਈ ਅਪਲਾਈ ਕੀਤਾ ਹੈ ਤੇ ਸਰਵਿਸ ਕੈਨੇਡਾ ਰਾਹੀਂ ਇਸ ਨੂੰ ਹਾਸਲ ਕੀਤਾ ਹੈ ਉਸ ਨੂੰ ਹੁਣ ਆਟੋਮੈਟਿਕਲੀ ਇੰਪਲਾਇਮੈਂਟ ਇੰਸ਼ੋਰੈਂਸ ਹਾਸਲ ਹੋਵੇਗੀ। ਜੇ ਕਿਸੇ ਨੇ ਸੀਆਰਏ ਰਾਹੀਂ ਸੀ ਈ ਆਰ ਬੀ ਲਈ ਅਪਲਾਈ ਕੀਤਾ ਤੇ ਇਸ ਨੂੰ ਹਾਸਲ ਕੀਤਾ ਸੀ ਉਸ ਨੂੰ ਨਵੇਂ ਸਿਰੇ ਤੋਂ ਈ ਆਈ ਲਈ ਅਪਲਾਈ ਕਰਨਾ ਹੋਵੇਗਾ। ਸਰਕਾਰ ਨੇ ਸਪਸ਼ਟ ਕੀਤਾ ਹੈ ਕਿ ਇਸ ਦੀ ਪਹਿਲੀ ਅਦਾਇਗੀ 11 ਅਕਤੂਬਰ ਤੋਂ ਹੋਣੀ ਸ਼ੁਰੂ ਹੋਵੇਗੀ ਤੇ 14 ਅਕਤੂਬਰ ਤੱਕ 80 ਫੀ ਸਦੀ ਨੂੰ ਅਦਾਇਗੀਆਂ ਹੋਣ ਦੀ ਸੰਭਾਵਨਾ ਹੈ। ਬਾਕੀ ਰਹਿੰਦੇ 10 ਫੀ ਸਦੀ ਕੈਨੇਡੀਅਨਾਂ ਨੂੰ ਅਗਲੇ ਦੋ ਹਫਤਿਆਂ ਵਿੱਚ ਇਸ ਦੀਆਂ ਅਦਾਇਗੀਆਂ ਹੋਣ ਦੀ ਉਮੀਦ ਹੈ।

# ਯੰਗ ਸਟਰੀਟ ਤੇ ਸਟੀਲਜ਼ ਐਵਨਿਊ ਵੈਸਟ ਉਤੇ ਚੱਲੀ ਗੋਲੀ, ਇੱਕ ਜ਼ਖ਼ਮੀ

ਟੋਰਾਂਟੋ, 27 ਸਤੰਬਰ (ਪੋਸਟ ਬਿਊਰੋ) : ਸ਼ਨਿੱਚਰਵਾਰ ਸ਼ਾਮ ਨੂੰ ਨੌਰਥ ਯੌਰਕ ਇਲਾਕੇ ਵਿੱਚ ਇੱਕ ਵਿਅਕਤੀ ਨੂੰ ਗੋਲੀ ਮਾਰੇ ਜਾਣ ਦੇ ਮਾਮਲੇ ਦੀ ਟੋਰਾਂਟੋ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਗੋਲੀ ਮਾਰੇ ਜਾਣ ਦੀ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਰਾਤੀਂ 9:18 ਉੱਤੇ ਸਟੀਲਜ਼ ਐਵਨਿਊ ਵੈਸਟ ਤੇ ਟੈਂਗ੍ਰੀਨ ਕੋਰਟ ਇਲਾਕੇ ਵਿੱਚ ਸੱਦਿਆ ਗਿਆ। ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੇ ਪਾਇਆ ਕਿ ਇੱਕ ਵਿਅਕਤੀ ਦੀ ਲੱਤ ਵਿੱਚ ਗੋਲੀ ਲੱਗੀ ਸੀ। ਅਜੇ ਤੱਕ ਉਸ ਦੀ ਮੈਡੀਕਲ ਕੰਡੀਸ਼ਨ ਬਾਰੇ ਜਾਣਕਾਰੀ ਹਾਸਲ ਨਹੀਂ ਹੋ ਸਕੀ ਹੈ। ਜਾਂਚਕਾਰਾਂ ਵੱਲੋਂ ਮਸ਼ਕੂਕ ਦੇ ਦੱਸੇ ਗਏ ਹੁਲੀਏ ਅਨੁਸਾਰ ਉਹ ਆਪਣੇ 20ਵਿਆਂ ਵਿੱਚ ਹੈ, ਉਸ ਦਾ ਕੱਦ ਪੰਜ ਫੁੱਟ ਨੌਂ ਇੰਚ ਤੇ ਡੀਲਡੌਲ ਦਰਮਿਆਨਾ ਹੈ। ਉਸ ਨੂੰ ਲਾਲ ਰੰਗ ਦੀ ਹੁਡੀ, ਨੀਲੀ ਜੀਨਜ਼, ਹੈਟ ਪਾਇਆਂ ਵੇਖਿਆ ਗਿਆ ਤੇ ਉਸ ਕੋਲ ਸੈਚਲ (ਬੈਗ) ਵੀ ਸੀ। ਉਸ ਨੂੰ ਆਖਰੀ ਵਾਰੀ ਬਾਥਰਸਟ ਸਟਰੀਟ ਵੱਲ ਸਟੀਲਜ਼ ਐਵਨਿਊ ਵੈਸਟ ਉੱਤੇ ਜਾਂਦਿਆਂ ਵੇਖਿਆ ਗਿਆ।


Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axcel InsuranceBrokers Ltd. 1332 Khalsa Dr, Unit # 11, Mississauga, ON L5S 0A2

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
☆ Best INR Rate
☆ Fastest Service
☆ 24x7 Service
☆ Secure Transaction
☆ Special Business Account
Send - Exchange - Receive
Toll Free: 1833 823 5439 | 647 783 0049

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

ਨਵਾਂ ਘਾਹ ਲਵਾਉ | 647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration / Real Estate
Family Law / Business Closing
Corporate / Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੰਮੀਗ੍ਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਹਰ ਤਰ੍ਹਾਂ ਦੇ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CALL: 905-793-2202
You can Place Your Business Here
To Reach Wider Audience


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਆਪਣੇ ਪਰਿਵਾਰ ਦੇ 4 ਜੀਆਂ ਦਾ ਕਤਲ ਕਰਨ ਵਾਲਾ ਮਾਰਖਮ ਦਾ ਵਿਅਕਤੀ ਦੋਸ਼ੀ ਕਰਾਰ



ਮਾਰਖਮ, 27 ਸਤੰਬਰ (ਪੋਸਟ ਬਿਊਰੋ) : 2019 ਵਿੱਚ ਮਾਰਖਮ ਦੇ ਇੱਕ ਘਰ ਵਿੱਚ ਮਾਰੇ ਗਏ ਚਾਰ ਜੀਆਂ ਦੇ ਸਬੰਧ ਵਿੱਚ ਇੱਕ 23 ਸਾਲਾ ਵਿਅਕਤੀ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਇਸ ਵਿਅਕਤੀ ਵੱਲੋਂ ਕਿਸੇ ਹੋਰ ਦਾ ਨਹੀਂ ਸਗੋਂ ਆਪਣੀ ਹੀ ਮਾਂ, ਪਿਤਾ, ਦਾਦੀ ਤੇ ਭੈਣ ਦਾ ਕਤਲ ਕੀਤਾ ਗਿਆ। ਇਹ ਜਾਣਕਾਰੀ ਇਸ ਵਿਅਕਤੀ ਦੀ ਵਕੀਲ ਐਡੇਲ ਮੋਨੈਕੋ ਵੱਲੋਂ ਦਿੱਤੀ ਗਈ।

ਪਿਛਲੇ ਸਾਲ 28 ਜੁਲਾਈ ਨੂੰ ਯੌਰਕ ਰੀਜਨਲ ਪੁਲਿਸ ਦੇ ਅਧਿਕਾਰੀਆਂ ਨੂੰ ਕੈਸਲਮੋਰ ਐਵਨਿਊ ਦੇ ਇੱਕ ਘਰ ਵਿੱਚ ਸੱਦਿਆ ਗਿਆ। ਇਹ ਘਰ ਮੇਜਰ ਮੈਕੈਂਜ਼ੀ ਡਰਾਈਵ ਈਸਟ ਤੇ ਮਾਰਖਮ ਰੋਡ ਦੇ ਦੱਖਣ ਪੱਛਮ ਵਿੱਚ ਸਥਿਤ ਹੈ। ਪੁਲਿਸ ਨੂੰ ਸ਼ੁਰੂ ਵਿੱਚ ਕਈ ਵਿਅਕਤੀਆਂ ਦੇ ਜ਼ਖ਼ਮੀ ਹੋਣ ਦੀ ਖਬਰ ਦਿੱਤੀ ਗਈ ਸੀ। ਘਰ ਦੇ ਫਰੰਟ ਡੋਰ ਉੱਤੇ ਪੁਲਿਸ ਨੂੰ ਇੱਕ ਵਿਅਕਤੀ ਮਿ-ਲਆ, ਜਿਸ ਦੀ ਬਾਅਦ ਵਿੱਚ ਪਛਾਣ ਮਹਿਨਾਜ਼ ਜ਼ਾਮਨ ਵਜੋਂ ਕੀਤੀ ਗਈ। ਉਸ ਨੇ ਪੁਲਿਸ ਅਧਿਕਾਰੀਆਂ ਨੂੰ ਘਰ ਦੇ ਅੰਦਰ ਦਾਖਲ ਹੋਣ ਦਿੱਤਾ, ਜਿੱਥੇ ਪੁਲਿਸ ਨੂੰ ਚਾਰ ਲਾਸ਼ਾਂ ਮਿਲੀਆਂ। ਉਸ ਵਿਅਕਤੀ ਨੂੰ ਥੋੜ੍ਹੇ ਸਮੇਂ ਬਾਅਦ ਹੀ ਹਿਰਾਸਤ ਵਿੱਚ ਲੈ ਲਿਆ ਗਿਆ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਆਨਲਾਈਨ ਗੇਮਿੰਗ ਪਲੇਟਫਾਰਮ ਦੇ ਮੈਂਬਰਾਂ ਵੱਲੋਂ ਸੂਹ ਦਿੱਤੀ ਗਈ ਸੀ। ਜ਼ਾਮਨ ਨੇ ਇਨ੍ਹਾਂ ਲੋਕਾਂ ਨਾਲ ਵੀਡੀਓ ਗੇਮਜ਼ ਖੇਡਦੇ ਹੋਏ ਇਨ੍ਹਾਂ ਕਤਲਾਂ ਦਾ ਜ਼ਿਕਰ ਕੀਤਾ ਸੀ। ਜ਼ਾਮਨ ਨੇ ਇਨ੍ਹਾਂ ਨੂੰ ਦੱਸਿਆ ਕਿ ਉਹ ਤਣਾਅ ਵਿੱਚ ਰਹਿਣ ਲੱਗਿਆ ਸੀ ਤੇ ਯੂਨੀਵਰਸਿਟੀ ਛੱਡਣ ਦਾ ਮਨ ਵੀ ਬਣਾ ਰਿਹਾ ਸੀ। ਉਸ ਨੇ ਦੱਸਿਆ ਕਿ ਇਸ ਸੱਭ ਕਾਸੇ ਤੋਂ ਅੱਕ ਕੇ ਹੀ ਉਸ ਨੇ ਇਨ੍ਹਾਂ ਕਤਲਾਂ ਦੀ ਯੋਜਨਾ ਬਣਾਈ।

ਵੀਰਵਾਰ ਨੂੰ ਮੋਨੈਕੋ ਨੇ ਦੱਸਿਆ ਕਿ 23 ਸਾਲਾ ਜ਼ਾਮਨ ਨੂੰ ਫਰਸਟ ਡਿਗਰੀ ਮਰਡਰ ਦੇ ਤਿੰਨ ਮਾਮਲਿਆਂ ਤੇ ਸੈਕਿੰਡ ਡਿਗਰੀ ਮਰਡਰ ਦੇ ਇੱਕ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ। ਉਸ ਨੂੰ 26 ਅਕਤੂਬਰ ਨੂੰ ਸਜ਼ਾ ਸੁਣਾਏ ਜਾਣ ਦੀ ਸੰਭਾਵਨਾ ਹੈ।

# ਓਨਟਾਰੀਓ ਵਿੱਚ ਬਾਰਜ਼ ਤੇ ਰੈਸਟੋਰੈਂਟਸ 'ਤੇ ਲਾਈਆਂ ਜਾ ਰਹੀਆਂ ਹਨ ਸਖ਼ਤ ਪਾਬੰਦੀਆਂ



ਟੋਰਾਂਟੋ, 27 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਰੈਸਟੋਰੈਂਟਸ ਤੇ ਬਾਰਜ਼ ਉੱਤੇ ਸਖ਼ਤ ਪਾਬੰਦੀਆਂ ਲਾਏ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇੱਥੋਂ ਤੱਕ ਕਿ ਸਟ੍ਰਿਪਸ ਕਲੱਬ ਵੀ ਬੰਦ ਕਰਨ ਦੇ ਹੁਕਮ ਦੇ ਦਿੱਤੇ ਗਏ ਹਨ। ਇਹ ਸਾਰਾ ਕੁੱਝ ਕੋਵਿਡ-19 ਸਬੰਧੀ ਆਊਟਬ੍ਰੇਕਜ਼ ਰੋਕਣ ਲਈ ਕੀਤਾ ਜਾ ਰਿਹਾ ਹੈ।

ਸ਼ਨਿੱਚਰਵਾਰ ਨੂੰ ਰਾਤੀਂ 12:01 ਵਜੇ ਤੋਂ ਬਾਅਦ ਪ੍ਰੋਵਿੰਸ ਭਰ ਵਿੱਚ ਫੂਡ ਤੇ ਡਰਿੰਕ ਅਸਟੈਬਲਿਸ਼ਮੈਂਟਸ 11:00 ਵਜੇ ਤੋਂ ਬਾਅਦ ਸ਼ਰਾਬ ਨਹੀਂ ਵਿਕ ਸਕੇਗੀ ਤੇ ਰਾਤ ਦੇ 12:00 ਵਜੇ ਤੋਂ ਬਾਅਦ ਇਨ੍ਹਾਂ ਥਾਂਵਾਂ ਉੱਤੇ ਬਹਿ ਕੇ ਕੋਈ ਸ਼ਰਾਬ ਨਹੀਂ ਪੀ ਸਕੇਗਾ। ਸਖ਼ਤ ਮਾਪਦੰਡਾਂ ਤਹਿਤ ਇਨ੍ਹਾਂ ਥਾਂਵਾਂ ਨੂੰ ਅੱਧੀ ਰਾਤ ਤੋਂ ਬਾਅਦ ਬੰਦ ਕਰਨਾ ਹੋਵੇਗਾ ਤੇ ਇਹ ਸਵੇਰ ਦੇ 5:00 ਵਜੇ ਤੱਕ ਬੰਦ ਰਹਿਣਗੇ। ਸਿਰਫ ਟੇਕਅਵੇਅ ਤੇ ਡਲਿਵਰੀ ਲਈ ਹੀ ਇਨ੍ਹਾਂ ਥਾਂਵਾਂ ਤੋਂ ਚੀਜ਼ਾਂ ਲਈਆਂ ਜਾ ਸਕਣਗੀਆਂ। ਇਨ੍ਹਾਂ ਥਾਂਵਾਂ ਉੱਤੇ ਕਰਮਚਾਰੀ ਵੀ ਇੱਕਠੇ ਨਹੀਂ ਹੋ ਸਕਣਗੇ ਤੇ ਨਾ ਹੀ ਕੰਮ ਦੇ ਘੰਟਿਆਂ ਦੌਰਾਨ ਉਹ ਸ਼ਰਾਬ ਦੀ ਖਪਤ ਕਰ ਸਕਣਗੇ।

ਪ੍ਰੋਵਿੰਸ ਵੱਲੋਂ ਸਾਰੇ ਸਟ੍ਰਿਪ ਕਲੱਬਜ਼ ਨੂੰ ਵੀ ਸ਼ਨਿੱਚਰਵਾਰ ਤੋਂ ਹੀ ਰਾਤ ਦੇ 12:01 ਵਜੇ ਤੋਂ ਬੰਦ ਕਰ ਦਿੱਤਾ ਜਾਵੇਗਾ। ਇੱਥੇ ਦੱਸਣਾ ਬਣਦਾ ਹੈ ਕਿ ਕੋਵਿਡ-19 ਦੇ ਨੌਂ ਮਾਮਲੇ ਟੋਰਾਂਟੋ ਦੇ ਦੋ ਸਟ੍ਰਿਪ ਕਲੱਬਜ਼ ਨਾਲ ਹੀ ਜੁੜੇ ਹੋਏ ਹਨ। ਟੋਰਾਂਟੋ ਦੇ ਰੈਬਲ ਨਾਈਟਕਲੱਬ ਤੋਂ ਵੀ ਇਸ ਮਹੀਨੇ ਕੋਵਿਡ-19 ਦੇ ਚਾਰ ਮਾਮਲੇ ਸਾਹਮਣੇ ਆਏ ਹਨ।

# ਸਕੂਲ ਜਾਣ ਵਾਲੇ ਵਿਦਿਆਰਥੀਆਂ ਲਈ ਕੋਵਿਡ-19 ਲੱਛਣਾਂ ਨੂੰ ਘਟਾਉਣ ਦੀ ਤਿਆਰੀ ਕਰ ਰਹੀ ਹੈ ਫੋਰਡ ਸਰਕਾਰ



ਓਨਟਾਰੀਓ, 27 ਸਤੰਬਰ (ਪੋਸਟ ਬਿਊਰੋ) : ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਅਨੁਸਾਰ ਬੱਚਿਆਂ ਨੂੰ ਸਕੂਲ ਭੇਜਣ ਤੋਂ ਪਹਿਲਾਂ ਜਿਨ੍ਹਾਂ ਲੱਛਣਾਂ ਬਾਰੇ ਮਾਪਿਆਂ ਨੂੰ ਧਿਆਨ ਦੇਣਾ ਹੋਵੇਗਾ ਉਨ੍ਹਾਂ ਨੂੰ ਘਟਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਇਸ ਸਮੇਂ ਮਾਪਿਆਂ ਨੂੰ ਉਸ ਸੂਰਤ ਵਿੱਚ ਬੱਚੇ ਨੂੰ ਘਰੇ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ ਜੇ ਪ੍ਰੋਵਿੰਸ ਵੱਲੋਂ ਪਛਾਣੇ ਗਏ 17 ਲੱਛਣਾਂ ਵਿੱਚੋਂ ਕੁੱਝ ਬੱਚਿਆਂ ਵਿੱਚ ਪਾਏ ਜਾਂਦੇ ਹਨ। ਇਸ ਲਿਸਟ ਵਿੱਚ ਨੱਕ ਦਾ ਵਗਣਾ ਜਾਂ ਪੱਕਿਆ ਹੋਇਆ ਗਲਾ, ਜੋ ਕਿ ਆਮ ਤੌਰ ਉੱਤੇ ਵੀ ਪਾਏ ਜਾਂਦੇ ਹਨ, ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਹੁਣ ਇਹ ਆਖਿਆ ਜਾ ਰਿਹਾ ਹੈ ਕਿ ਇਹ ਦੋਵੇਂ ਲੱਛਣ ਕੈਨੇਡਾ ਸਰਕਾਰ ਦੀ ਵੈੱਬਸਾਈਟ ਉੱਤੇ ਦਰਸਾਏ ਗਏ ਕੋਵਿਡ-19 ਦੇ 11 ਕੌਮਨ ਲੱਛਣਾਂ ਵਿੱਚ ਨਹੀਂ ਹਨ। ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਪ੍ਰੋਵਿੰਸ਼ੀਅਲ ਅਧਿਕਾਰੀਆਂ ਵੱਲੋਂ ਮੁੜ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਕੀ ਇਨ੍ਹਾਂ ਦੋਵਾਂ ਲੱਛਣਾਂ ਨੂੰ ਇਸ ਸੂਚੀ ਵਿੱਚੋਂ ਬਾਹਰ ਕੀਤਾ ਜਾਣਾ ਠੀਕ ਰਹੇਗਾ। ਇਸ ਤਰ੍ਹਾਂ ਹੋਰ ਬੱਚੇ ਵੀ ਕਲਾਸਾਂ ਵਿੱਚ ਰਹਿ ਸਕਣਗੇ।

ਇਹ ਵਿਸ਼ਾ ਗੱਲਬਾਤ ਦਾ ਵਿਸ਼ਾ ਉਸ ਸਮੇਂ ਬਣਿਆ ਜਦੋਂ ਬ੍ਰਿਟਿਸ਼ ਕੋਲੰਬੀਆ ਦੇ ਸਿਹਤ ਮੰਤਰਾਲੇ ਵੱਲੋਂ ਸਕੂਲ ਜਾਣ ਵਾਲੇ ਬੱਚਿਆਂ ਲਈ ਦਸ ਲੱਛਣਾਂ ਨੂੰ ਖਤਮ ਕਰ ਦਿੱਤਾ ਗਿਆ, ਇਨ੍ਹਾਂ ਵਿੱਚ ਨਕ ਵਗਣਾ, ਸਿਰ ਦੁਖਣਾ ਤੇ ਥਕਾਵਟ ਸ਼ਾਮਲ ਹਨ।

# ਅਰਮੀਨੀਆ ਅਤੇ ਅਜ਼ਰਬਾਈਜਾਨ ਵਿੱਚ ਜੰਗ ਸ਼ੁਰੂ, ਦੋਹਾਂ ਪਾਸਿਓਂ ਟੈਂਕਾਂ-ਤੋਪਾਂ ਨਾਲ ਹਮਲੇ



ਬਾਕੂ, 27 ਸਤੰਬਰ, (ਪੋਸਟ ਬਿਊਰੋ)- ਕਮਿਊਨਿਸਟ ਦੌਰ ਵਾਲੇ ਸੋਵੀਅਤ ਰੂਸ ਤੋਂਵੱਖਰੇ ਹੋਏ ਆਜ਼ਰਬਾਈਜਾਨ ਅਤੇਅਰਮੀਨੀਆ ਦੇ ਵਿਚਾਲੇ ਜ਼ਮੀਨ ਦੇ ਟੁਕੜੇ ਤੋਂ ਜੰਗ ਛਿੱੜ ਗਈ ਹੈ। ਦੋਵਾਂ ਦੇਸ਼ਾਂ ਨੇ ਇਕ ਦੂਸਰੇ ਖਿਲਾਫ ਜੰਗ ਦਾ ਐਲਾਨ ਕਰ ਕੇ ਟੈਂਕ, ਤੋਪ ਅਤੇ ਲੜਾਕੂ ਹੈਲੀਕਾਪਟਰਾਂ ਨੂੰ ਮੈਦਾਨ ਵਿਚ ਠੇਲ੍ਹ ਦਿੱਤਾ ਹੈ। ਇਸ ਦੌਰਾਨਅਰਮੀਨੀਆ ਨੇ ਦੇਸ਼ ਵਿਚ ਮਾਰਸ਼ਲ ਲਾਅ ਲਾਗੂ ਕਰ ਕੇ ਆਪਣੀਆਂ ਫੌਜਾਂ ਨੂੰ ਬਾਰਡਰ ਵੱਲ ਕੂਚ ਕਰਨ ਦਾ ਆਦੇਸ਼ ਦਿੱਤਾ ਹੈ। ਜੰਗੀ ਮੈਦਾਨ ਵਿੱਚੋਂ ਮਿਲੀਆਂ ਰਿਪੋਰਟਾਂ ਦੇ ਮੁਤਾਬਕ ਇਨ੍ਹਾਂ ਹਮਲਿਆਂ ਵਿਚ 16 ਲੋਕ ਮਾਰੇ ਜਾ ਚੁੱਕੇ ਹਨ।

ਇਸ ਸੰਬੰਧ ਵਿੱਚ ਅਰਮੀਨੀਆ ਦੇ ਰੱਖਿਆ ਮੰਤਰਾਲੇ ਨੇ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਆਜ਼ਰਬਾਈਜਾਨ ਦੀ ਫੌਜ ਨੇ ਸਾਡੀ ਖੇਤਰੀ ਰਾਜਧਾਨੀ ਸਟੇਪਨਕਰਟ ਦੇ ਰਿਹਾਇਸ਼ੀ ਖੇਤਰਾਂ ਉੱਤੇ ਸਥਾਨਕ ਸਮੇਂ ਦੇ ਮੁਤਾਬਕ 8-10 ਵਜੇ ਹਮਲਾ ਸ਼ੁਰੂ ਕੀਤਾ ਸੀ, ਜਿਸ ਦੇ ਜਵਾਬ ਵਿਚ ਸਾਡੀਆਂ ਫੌਜਾਂ ਨੇ ਆਜ਼ਰਬਾਈਜਾਨ ਦੇ 2 ਹੈਲੀਕਾਪਟਰਾਂ ਨਾਲ 3 ਡਰੋਣ ਨੂੰ ਡੇਗ ਲਿਆ ਹੈ। ਇਸ ਤੋਂ ਇਲਾਵਾ ਅਸੀਂ 3 ਟੈਂਕ ਵੀ ਉਡਾ ਦਿੱਤੇ ਹਨ। ਅਰਮੀਨੀਆ ਨੇ ਟੈਂਕ ਤੋੜਨ ਦੀ ਇਕ ਵੀਡੀਓ ਵੀ ਜਾਰੀ ਕੀਤੀ ਹੈ।ਜਵਾਬ ਵਿਚ ਆਜ਼ਰਬਾਈਜਾਨ ਨੇ ਕਿਹਾ ਕਿ ਅਰਮੇਨੀਆ ਦੀਆਂ ਫੌਜਾਂ ਦੀਆਂ ਜੰਗੀ ਗਤੀਵਿਧੀਆਂ ਰੋਕਣ ਅਤੇ ਨਾਗਰਿਕ ਆਬਾਦੀ ਦੀ ਸੁਰੱਖਿਆ ਯਕੀਨੀ ਕਰਨ ਲਈ ਪੂਰੇ ਮੋਰਚੇ ਉੱਤੇ ਸਾਡੀ ਫੌਜਨੇ ਜਵਾਬੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਆਜ਼ਰਬਾਈਜਾਨ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਅਰਮੀਨੀਆ ਫੌਜ ਦੇ ਹਮਲੇ ਵਿਚ ਸਾਡੇ ਕਈ ਲੋਕਾਂ ਦੀ ਮੌਤ ਹੋਈ ਅਤੇ ਇਕ ਹੈਲੀਕਾਪਟਰ ਹਾਦਸਾਗ੍ਰਸਤ ਹੋਇਆ ਹੈ, ਜਿਸ ਦੇ ਪਾਇਲਟ ਨੂੰ ਅਸੀਂ ਬਚਾ ਲਿਆ ਹੈ। ਜੰਗ ਦੇ ਬਾਰੇ ਤਬਾਹੀ ਦੀਆਂ ਖਬਰਾਂ ਮਿਲ ਰਹੀਆਂ ਹਨ।

ਅਸਲ ਵਿੱਚ ਇਹ ਦੋਵੇਂ ਛੋਟੇ ਦੇਸ਼ 4400 ਵਰਗ ਕਿਲੋਮੀਟਰ ਵਿਚ ਫੈਲੇ ਨਾਗੋਰਨੋ-ਕਾਰਾਬਾਖ ਨਾਂ ਦੇ ਜ਼ਮੀਨ ਦੇ ਟੁਕੜੇ ਉੱਤੇ ਕਬਜ਼ਾ ਚਾਹੁੰਦੇ ਹਨ। ਨਾਗੋਰਨੋ-ਕਾਰਾਬਾਖ ਇਲਾਕਾ ਅੰਤਰਰਾਸ਼ਟਰੀ ਰੂਪ ਤੋਂਆਜ਼ਰਬਾਈਜਾਨ ਦਾ ਹਿੱਸਾ ਹੈ ਪਰ ਉਸ ਉੱਤੇਅਰਮੀਨੀਆ ਦੇ ਜਾਤੀ ਗੁੱਟਾਂ ਦਾ ਕਬਜ਼ਾ ਹੈ। ਸਾਲ 1991 ਵਿਚ ਇਸ ਇਲਾਕੇ ਦੇ ਲੋਕਾਂ ਨੇ ਆਪਣੇ ਆਪ ਨੂੰ ਆਜ਼ਰਬਾਈਜਾਨ ਤੋਂਆਜ਼ਾਦ ਐਲਾਨ ਕਰ ਕੇ ਆਪਣੇ ਆਪ ਅਰਮੀਨੀਆ ਦਾ ਹਿੱਸਾ ਐਲਾਨ ਕਰ ਦਿੱਤਾ ਸੀ। ਉਨਾਂ ਦੀ ਇਸ ਹਰਕਤ ਨੂੰ ਆਜ਼ਰਬਾਈਜਾਨ ਨੇ ਰੱਦ ਕਰ ਦਿੱਤਾ ਅਤੇ ਦੋਵਾਂ ਦੇਸ਼ਾਂ ਵਿਚਾਲੇ ਖਿੱਚੋਤਾਣ ਛਿੜ ਗਈ ਸੀ।

## ਯੰਗ ਸਟਰੀਟ ਤੇ ਸਟੀਲਜ਼ ਐਵਨਿਊ ਵੈਸਟ ਉਤੇ ਚੱਲੀ ਗੋਲੀ, ਇੱਕ ਜ਼ਖ਼ਮੀ



ਟੋਰਾਂਟੋ, 27 ਸਤੰਬਰ (ਪੋਸਟ ਬਿਊਰੋ) : ਸ਼ਨਿੱਚਰਵਾਰ ਸ਼ਾਮ ਨੂੰ ਨੌਰਥ ਯੌਰਕ ਇਲਾਕੇ ਵਿੱਚ ਇੱਕ ਵਿਅਕਤੀ ਨੂੰ ਗੋਲੀ ਮਾਰੇ ਜਾਣ ਦੇ ਮਾਮਲੇ ਦੀ ਟੋਰਾਂਟੋ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਗੋਲੀ ਮਾਰੇ ਜਾਣ ਦੀ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਰਾਤੀਂ 9:18 ਉੱਤੇ ਸਟੀਲਜ਼ ਐਵਨਿਊ ਵੈਸਟ ਤੇ ਟੈਂਗ੍ਰੀਨ ਕੋਰਟ ਇਲਾਕੇ ਵਿੱਚ ਸੱਦਿਆ ਗਿਆ। ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੇ ਪਾਇਆ ਕਿ ਇੱਕ ਵਿਅਕਤੀ ਦੀ ਲੱਤ ਵਿੱਚ ਗੋਲੀ ਲੱਗੀ ਸੀ। ਅਜੇ ਤੱਕ ਉਸ ਦੀ ਮੈਡੀਕਲ ਕੰਡੀਸ਼ਨ ਬਾਰੇ ਜਾਣਕਾਰੀ ਹਾਸਲ ਨਹੀਂ ਹੋ ਸਕੀ ਹੈ।

ਜਾਂਚਕਾਰਾਂ ਵੱਲੋਂ ਮਸ਼ਕੂਕ ਦੇ ਦੱਸੇ ਗਏ ਹੁਲੀਏ ਅਨੁਸਾਰ ਉਹ ਆਪਣੇ 20ਵਿਆਂ ਵਿੱਚ ਹੈ, ਉਸ ਦਾ ਕੱਦ ਪੰਜ ਫੁੱਟ ਨੌਂ ਇੰਚ ਤੇ ਡੀਲਡੌਲ ਦਰਮਿਆਨਾ ਹੈ। ਉਸ ਨੂੰ ਲਾਲ ਰੰਗ ਦੀ ਹੁਡੀ, ਨੀਲੀ ਜੀਨਜ਼, ਹੈਟ ਪਾਇਆਂ ਵੇਖਿਆ ਗਿਆ ਤੇ ਉਸ ਕੋਲ ਸੈਚਲ (ਬੈਗ) ਵੀ ਸੀ। ਉਸ ਨੂੰ ਆਖਰੀ ਵਾਰੀ ਬਾਥਰਸਟ ਸਟਰੀਟ ਵੱਲ ਸਟੀਲਜ਼ ਐਵਨਿਊ ਵੈਸਟ ਉੱਤੇ ਜਾਂਦਿਆਂ ਵੇਖਿਆ ਗਿਆ।

# ਕੌਮਾਂਤਰੀ ਵੈਕਸੀਨ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ 440 ਮਿਲੀਅਨ ਡਾਲਰ ਖਰਚ ਕਰੇਗਾ ਕੈਨੇਡਾ

ਓਟਵਾ, 24 ਸਤੰਬਰ (ਪੋਸਟ ਬਿਊਰੋ) : ਕੋਵਿਡ-19 ਵੈਕਸੀਨਜ਼ ਦੀ ਖਰੀਦ ਨੂੰ ਯਕੀਨੀ ਬਣਾਉਣ ਲਈ ਕੌਮਾਂਤਰੀ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਵਾਸਤੇ ਕੈਨੇਡਾ 440 ਮਿਲੀਅਨ ਡਾਲਰ ਖਰਚ ਕਰੇਗਾ। ਇਹ ਖੁਲਾਸਾ ਸ਼ੁੱਕਰਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੀਤਾ ਗਿਆ।

ਪਰ ਕੈਨੇਡਾ ਦੁਨੀਆ ਵਿੱਚ ਬਣ ਰਹੀਆਂ ਕਈ ਅਹਿਮ ਵੈਕਸੀਨਜ਼ ਦੀਆਂ ਕਈ ਮਿਲੀਅਨ ਡੋਜ਼ਿਜ਼ ਹਾਸਲ ਕਰਨ ਲਈ ਦੁੱਗਣੇ ਤੋਂ ਵੀ ਜ਼ਿਆਦਾ ਖਰਚ ਕਰ ਰਿਹਾ ਹੈ। ਇਸ ਸਬੰਧ ਵਿੱਚ ਸ਼ੁੱਕਰਵਾਰ ਨੂੰ ਐਲਾਨੀ ਗਈ ਛੇਵੀਂ ਡੀਲ 20 ਮਿਲੀਅਨ ਡੋਜ਼ਿਜ਼ ਲਈ ਐਸਟਰਾਜ਼ੈਨੇਕਾ ਨਾਲ ਕੀਤੀ ਗਈ, ਜੋ ਕਿ ਆਪਣੇ ਕਲੀਨਿਕਲ ਟ੍ਰਾਇਲਜ਼ ਦੇ ਤੀਜੇ ਤੇ ਆਖਰੀ ਗੇੜ ਵਿੱਚ ਹੈ।

ਫੈਡਰਲ ਸਰਕਾਰ ਨੇ ਕੈਨੇਡਾ ਲਈ ਵੈਕਸੀਨ ਖਰੀਦਣ ਵਾਸਤੇ ਇੱਕ ਬਿਲੀਅਨ ਡਾਲਰ ਤੋਂ ਵੀ ਵੱਧ ਦੇਣ ਦਾ ਵਾਅਦਾ ਕੀਤਾ ਹੈ। ਇਸ ਵਿੱਚੋਂ ਬਹੁਤਾ ਪੈਸਾ ਉਸ ਸੂਰਤ ਵਿੱਚ ਨਹੀਂ ਮੁੜੇਗਾ ਜੇ ਵੈਕਸੀਨਜ਼ ਨੂੰ ਕਦੇ ਮਨਜ਼ੂਰੀ ਹੀ ਨਹੀਂ ਮਿਲਦੀ। ਟਰੂਡੋ ਨੇ ਕੋਵਿਡ-19 ਵੈਕਸੀਨ ਗਲੋਬਲ ਐਕਸੈੱਸ ਫੈਸਿਲਿਟੀ, ਜਿਸ ਨੂੰ ਕੋਵੈਕਸ ਵਜੋਂ ਵੀ ਜਾਣਿਆ ਜਾਂਦਾ ਹੈ, ਪ੍ਰਤੀ ਕੈਨੇਡਾ ਦੀ ਵਿੱਤੀ ਵਚਨਬੱਧਤਾ ਦਾ ਵੀ ਖੁਲਾਸਾ ਕੀਤਾ।

ਕੋਵੈਕਸ ਜੁਆਇਨ ਕਰਨ ਵਾਲੇ 64 ਉੱਚ ਆਮਦਨ ਵਾਲੇ ਦੇਸ਼ਾਂ ਵਿੱਚੋਂ ਕੈਨੇਡਾ ਵੀ ਇੱਕ ਹੈ। ਕੈਨੇਡਾ ਇਸ ਪਹਿਲਕਦਮੀ ਦੇ ਦੋਵਾਂ ਹਿੱਸਿਆਂ ਵਿੱਚ ਹਿੱਸੇਦਾਰੀ ਪਾ ਰਿਹਾ ਹੈ : ਇੱਕ ਜਿਸ ਰਾਹੀਂ ਕੈਨੇਡਾ ਲਈ ਕਈ ਮਿਲੀਅਨ ਡੋਜ਼ਿਜ਼ ਦਾ ਰਾਹ ਖੁੱਲ੍ਹ ਜਾਵੇਗਾ ਤੇ ਦੂਜੀ ਉਹ ਜਿਸ ਵਿੱਚ ਅਮੀਰ ਦੇਸ਼ ਫੰਡ ਇੱਕਠੇ ਕਰਕੇ ਗਰੀਬ ਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ ਲਈ ਡੋਜ਼ਿਜ਼ ਹਾਸਲ ਕਰਨ ਦਾ ਉਪਰਾਲਾ ਕਰ ਰਹੇ ਹਨ ਤਾਂ ਕਿ ਕੋਈ ਵੀ ਇਸ ਤੋਂ ਵਾਂਝਾ ਨਾ ਰਹਿ ਸਕੇ।

440 ਮਿਲੀਅਨ ਡਾਲਰ ਦੋ ਹਿੱਸਿਆਂ ਵਿੱਚ ਵੰਡੇ ਜਾਣਗੇ, ਜਿਨ੍ਹਾਂ ਵਿੱਚੋਂ ਅੱਧੇ ਰਾਹੀਂ ਕੋਵੈਕਸ ਤੋਂ ਕੈਨੇਡਾ ਵਾਸਤੇ 15 ਮਿਲੀਅਨ ਡੋਜ਼ਿਜ਼ ਹਾਸਲ ਹੋਣਗੀਆਂ ਤੇ ਬਾਕੀ ਪੈਸਿਆਂ ਨਾਲ ਗਰੀਬ ਦੇਸ਼ਾਂ ਨੂੰ ਵੀ ਵੈਕਸੀਨ ਦੀਆਂ ਡੋਜ਼ਿਜ਼ ਹਾਸਲ ਹੋ ਸਕਣਗੀਆਂ।

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

REXDALE FINANCIAL SERVICES
WE HELP YOU START, GROW AND SUCCEED

We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!

Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ShergGill Law Firm
Barrister, Solicitor & Notary Public

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6



Emergency Contact:
416.910.5676
www.shergilllawfirm.ca

## ਅੱਜ ਨਾਮਾ

ਸੁਣਦਾ ਮੋਦੀ ਨਹੀਂ ਬਾਤ ਅਕਾਲੀਆਂ ਦੀ,
ਔਖਾ ਹੋਇਆ ਬਚਾਉਣ ਜੇ ਨੱਕ ਮਿੱਤਰ।
ਮਿਹਣੇ ਇੱਧਰ ਸਨ ਲੋਕਾਂ ਦੇ ਵਧੀ ਜਾਂਦੇ,
ਸੁਣ ਕੇ ਇਨ੍ਹਾਂ ਨੂੰ ਗਏ ਸੀ ਅੱਕ ਮਿਤਰ।
ਜਿੰਨੀਆਂ ਸੱਟਾਂ ਸੀ ਖਾਧੀਆਂ ਸਾਂਝ ਵੇਲੇ,
ਹੁੰਦੇ ਉਨ੍ਹਾਂ ਦੇ ਦਾਗ ਨਹੀਂ ਢੱਕ ਮਿਤਰ।
ਲਾਈ ਯਾਰੀ ਸੀ ਚੌਵੀ ਕੁ ਸਾਲ ਪਹਿਲਾਂ,
ਗਈ ਉਹ ਝੱਟ ਹੈ ਟੁੱਟ ਤੜੱਕ ਮਿੱਤਰ।
ਨੁਕਤਾਚੀਨ ਤਾਂ ਅਜੇ ਤੱਕ ਛੱਡਦੇ ਨਹੀਂ,
ਸਕਦਾ ਉਨ੍ਹਾਂ ਨੂੰ ਕੋਈ ਨਾ ਡੱਕ ਮਿੱਤਰ।
ਮੁਸ਼ਕਲ ਪਾਰਟੀ ਵਿੱਚ ਵੀ ਬਣੀ ਡਾਢੀ,
ਕਰਦੇ ਆਪਣੇ ਸਾਥੀ ਆ ਸ਼ੱਕ ਮਿੱਤਰ।

**ਤੀਸ ਮਾਰ ਖਾਂ**

# ਕੈਪਟਨ ਅਮਰਿੰਦਰ ਨੇ ਖੇਤੀ ਬਿੱਲਾਂ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਨੂੰ ਮੰਦ-ਭਾਗੀ ਕਿਹਾ





## * ਭਗਵੰਤ ਮਾਨ ਨੇ ਮੌਤ ਦੇ ਵਾਰੰਟਾਂ ਉੱਤੇ ਦਸਖਤ ਹੋਏ ਆਖਿਆ

ਚੰਡੀਗੜ੍ਹ, 27 ਸਤੰਬਰ, (ਪੋਸਟ ਬਿਊਰੋ)- ਖੇਤੀਬਾੜੀ ਬਾਰੇਭਾਰਤ ਦੀ ਸਰਕਾਰ ਦੇ ਤਿੰਨ ਨਵੇਂ ਬਿੱਲਾਂ ਨੂੰ ਰਾਸ਼ਟਰਪਤੀ ਵਲੋਂਸਹਿਮਤੀ ਦਿੱਤੇ ਜਾਣ ਨੂੰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੰਦਭਾਗਾ ਤੇ ਦੁਖਦਾਈ ਕਰਾਰ ਦੇ ਕੇ ਅੱਜਐਤਵਾਰ ਨੂੰ ਕਿਹਾ ਕਿ ਕਿਸਾਨੀ ਹਿੱਤਾਂ ਦੀ ਰਾਖੀ ਕਰਨ ਲਈ ਉਨ੍ਹਾਂ ਦੀ ਸਰਕਾਰ ਸੂਬਾਈ ਕਾਨੂੰਨਾਂ ਵਿਚ ਜਿੰਨੀ ਵੀ ਸੋਧ ਹੋ ਸਕੇ, ਉਹ ਕਰਨ ਲਈ ਸਾਰੇ ਪੱਖਾਂ ਦੀ ਘੋਖ ਕਰ ਰਹੀ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਗਲਾ ਕੋਈ ਰਾਹਚੁਣਨ ਦੇ ਕਿਸੇ ਵੀ ਫੈਸਲੇਤੋਂ ਪਹਿਲਾਂ ਪੰਜਾਬ ਸਰਕਾਰ ਏਥੋਂ ਦੀਆਂ ਕਿਸਾਨ ਜਥੇਬੰਦੀਆਂ ਤੇ ਹੋਰ ਭਾਈਵਾਲਾਂ ਨੂੰ ਭਰੋਸੇ ਵਿਚ ਲਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਫਸਲਾਂਦੀ ਕੀਮਤ ਨਾਲ ਸਮਝੌਤਾ ਕੀਤੇ ਬਿਨਾਂ ਕਿਸਾਨਾਂ ਦਾ ਇਕ-ਇਕ ਦਾਣਾ ਖਰੀਦਣ ਵਾਸਤੇ ਵਚਨਬੱਧ ਹੈ। ਉਨ੍ਹਾ ਕਿਹਾ ਕਿ ਭਵਿੱਖ ਦਾਕੋਈ ਕਦਮ ਚੁੱਕਣ ਦਾ ਫੈਸਲਾ ਕਰਨ ਲਈ ਕਾਨੂੰਨੀ ਤੇ ਖੇਤੀ ਮਾਹਿਰਾਂ ਸਮੇਤ ਮੇਰੀ ਸਰਕਾਰ ਪਹਿਲਾਂ ਤੋਂ ਹੀ ਉਨ੍ਹਾਂਸਭ ਲੋਕਾਂ ਨਾਲ ਵਿਚਾਰਾਂ ਕਰ ਰਹੀ ਹੈ,ਜਿਹੜੇ ਨਰਿੰਦਰ ਮੋਦੀ ਸਰਕਾਰ ਦੇ ਕਿਸਾਨ ਮਾਰੂ ਕਾਨੂੰਨਾਂ ਦੇ ਕਾਰਨ ਪ੍ਰਭਾਵਤ ਹੋਏ ਹਨ।ਮੁੱਖ ਮੰਤਰੀ ਨੇ ਕਿਹਾ ਕਿ ਕਾਨੂੰਨੀ ਰਸਤਾ ਚੁਣਨ ਤੋਂ ਇਲਾਵਾ ਉਨ੍ਹਾਂ ਦੀ ਸਰਕਾਰ ਕੇਂਦਰ ਦੇ ਨਵੇਂ ਖੇਤੀ ਕਾਨੂੰਨਾਂ ਦਾ ਰਾਹ ਰੋਕਣ ਦੇ ਹੋਰ ਬਦਲ ਵੀ ਸੋਚ ਰਹੀ ਹੈ ਕਿਉਂਕਿ ਇਹ ਕਾਨੂੰਨ ਪੰਜਾਬ ਦੇ ਕਿਸਾਨਾਂ ਅਤੇ ਅਰਥਚਾਰੇ ਨੂੰ ਤਬਾਹ ਕਰ ਦੇਣ ਵਾਸਤੇ ਘੜੇ ਗਏ ਹਨ।

ਇਸ ਦੌਰਾਨ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਰਾਸ਼ਟਰਪਤੀ ਵਲੋਂ ਤਿੰਨਾਂ ਕਿਸਾਨ ਵਿਰੋਧੀ ਬਿਲਾਂ ਨੂੰ ਸਹਿਮਤੀ ਦੇਣ ਦੇ ਫੈਸਲੇ ਨੂੰ ਨਿਰਾਸ਼ਾ ਜਨਕ ਅਤੇ ਦੁਖਦਾਈ ਕਰਾਰ ਦੇ ਕੇ ਕਿਹਾ ਕਿ ਰਾਸ਼ਟਰਪਤੀ ਨੇ ਇਸ ਬਾਰੇ ਕਾਂਗਰਸ ਤੇ ਹੋਰ ਵਿਰੋਧੀ ਪਾਰਟੀਆਂ, ਜਿਨ੍ਹਾਂ ਨੇ ਪਾਰਲੀਮੈਂਟ ਵਿਚ ਚਿੰਤਾ ਪੇਸ਼ ਕੀਤੀ ਸੀ, ਦਾ ਪੱਖ ਸੁਣੇ ਬਿਨਾਂ ਇਹ ਫੈਸਲਾ ਲਿਆ। ਉਨ੍ਹਾਂ ਕਿਹਾ ਕਿ ਖੇਤੀ ਬਿੱਲਾਂ ਨੂੰ ਰਾਸ਼ਟਰਪਤੀ ਦੀ ਸਹਿਮਤੀ ਨਾਲ ਕਿਸਾਨਾਂ ਨੂੰ ਵੱਡਾ ਧੱਕਾ ਲੱਗਾ ਹੈ, ਜਿਹੜੇ ਕੇਂਦਰ ਵਲੋਂ ਉਨ੍ਹਾਂ ਦੇ ਹੱਕਾਂ ਉਤੇ ਡਾਕਾ ਮਾਰਨ ਦੇ ਵਿਰੁੱਧ ਪਹਿਲਾਂ ਹੀ ਸੜਕਾਂ ਉੱਤੇ ਆਏ ਹੋਏ ਹਨ।ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਬਹੁਮਤ ਨਾਲਰਾਜਾਂਤੇ ਕਿਸਾਨੀ ਭਾਈਚਾਰੇ ਉਤੇ ਲਾਗੂ ਕੀਤੇ ਇਨ੍ਹਾਂ ਕਾਲੇ ਕਾਨੂੰਨਾਂ ਨਾਲ ਕਿਸਾਨਾਂ ਦੀ ਰੋਜ਼ੀ ਖਤਰੇ ਵਿਚ ਪੈ ਗਈ ਹੈ।ਮੁੱਖ ਮੰਤਰੀ ਨੇ ਕਿਹਾ ਕਿ ਕਾਨੂੰਨਾਂ ਵਿਚੋਂ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਨੂੰ ਬਾਹਰ ਰੱਖਣ ਨਾਲ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਨੀਤ ਬਾਰੇ ਗੰਭੀਰ ਸ਼ੱਕ ਹੁੰਦੇ ਹਨ, ਜਿਸ ਕਾਰਨ ਕਿਸਾਨਾਂ ਵਿਚ ਵੱਡੇ ਪੱਧਰ ਉੱਤੇ ਬੇਚੈਨੀ ਫੈਲੀ ਅਤੇ ਕਾਂਗਰਸ ਵੀ ਇਨ੍ਹਾਂ ਕੇਂਦਰੀ ਕਾਨੂੰਨਾਂ ਦਾ ਵਿਰੋਧ ਕਰਨ ਲਈ ਪ੍ਰੇਰਤ ਹੋਈ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਇਨ੍ਹਾਂ ਬਿੱਲਾਂ ਨੂੰ ਰਾਸ਼ਟਰਪਤੀ ਦੀ ਸਹਿਮਤੀਮਿਲਣ ਉੱਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤੇ ਪ੍ਰਤੀਕਰਮ ਬਾਰੇ ਕਿਹਾ ਕਿ ਇਹ ਭੱਦਾ ਮਜ਼ਾਕ ਹੈ,ਕਿਉਂਕਿ ਖੇਤੀਬਾੜੀ ਆਰਡੀਨੈਂਸਾਂ ਨੂੰ ਇਸ ਪੜਾਅ ਤੱਕ ਪੁਚਾਉਣ ਲਈ ਅਕਾਲੀ ਦਲ ਸਰਗਰਮੀ ਨਾਲ ਇਨ੍ਹਾਂ ਦਾ ਸਮਰਥਨ ਕਰਦਾ ਰਿਹਾ ਸੀ। ਉਨ੍ਹਾਂ ਕਿਹਾ ਕਿ ਐਨ ਡੀ ਏ ਨਾਲੋਂ ਨਾਤਾ ਤੋੜਨ ਪਿੱਛੋਂਅਕਾਲੀ ਦਲ ਅਤੇ ਸੁਖਬੀਰ ਸਿੰਘ ਦੀ ਸਾਰੀ ਚਿੰਤਾ ਕਿਸਾਨਾਂ ਬਾਰੇ ਨਹੀਂ, ਉਹ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਸੰਭਾਵਨਾਵਾਂ ਲੱਭਣ ਲਈ ਮੁੱਦੇ ਨੂੰ ਚੁੱਕ ਰਿਹਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਅਸਲ ਵਿੱਚ ਸੁਖਬੀਰ ਸਿੰਘ ਅਤੇ ਹਰਸਿਮਰਤ ਕੌਰ ਦੀਆਂ ਸਭ ਕੋਸ਼ਿਸ਼ਾਂ ਮੇਰੇ ਅਤੇ ਮੇਰੀ ਸਰਕਾਰ ਉਤੇ ਨਿਸ਼ਾਨਾ ਲਾਉਣ ਤੱਕ ਹਨ ਤੇ ਉਹ ਇਸ ਕੌਮੀ ਪੱਧਰ ਦੇ ਗੰਭੀਰ ਮੁੱਦੇ ਨੂੰ ਪੰਜਾਬ ਦਾ ਸਥਾਨਕ ਮੁੱਦਾ ਬਣਾਉਣ ਨੂੰ ਬੇਚੈਨ ਨਜ਼ਰ ਆ ਰਹੇ ਹਨ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘਅੱਜ ਇਨ੍ਹਾਂ ਕਾਨੂੰਨਾਂ ਨੂੰ ਲੋਕਤੰਤਰ ਦਾ ਕਾਲਾ ਦਿਨ ਆਖਦੇ ਹਨ, ਅਸਲ ਵਿੱਚਇਹ ਉਨ੍ਹਾਂਵੱਲੋਂ ਹੀ ਪੰਜਾਬ ਦੇ ਕਿਸਾਨਾਂ ਨੂੰ ਦਿੱਤਾ ਇੱਕ ਹੋਰ ਤੋਹਫਾ ਹੈ, ਜਿਵੇਂ ਉਨ੍ਹਾਂ ਬੇਅਦਬੀ, ਝੂਠੇ ਕੇਸ, ਆਰਥਿਕ ਤਬਾਹੀ ਤੇ ਭਾਰੀ ਕਰਜ਼ਾ ਸਮੇਤ ਹੋਰ 'ਬਹੁਤ ਕੁਝ' ਪੰਜਾਬ ਨੂੰ ਦਿੱਤਾ ਹੋਇਆ ਹੈ।

ਦੂਸਰੇ ਪਾਸੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਭਗਵੰਤ ਮਾਨ ਨੇ ਇਨ੍ਹਾਂ ਖੇਤੀ ਬਿੱਲਾਂ ਉੱਤੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੇ ਦਸਤਖ਼ਤ ਹੋਣ ਨੂੰ ਕਿਸਾਨਾਂ ਦੇ 'ਮੌਤ ਦੇ ਵਾਰੰਟ' ਆਖਿਆ ਹੈ। ਸੰਗਰੂਰ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਟਵੀਟ ਕਰਕੇ ਕਿਹਾ, "ਲੱਖਾਂ ਕਿਸਾਨਾਂ ਦੇ 'ਮੌਤ ਦੇ ਵਾਰੰਟ' ਉੱਤੇਆਖਰੀ ਦਸਖ਼ਤ ਅੱਜ ਹੋ ਗਏ, ਵੱਡੇ ਪੂੰਜੀਪਤੀਆਂ ਨੂੰ ਇਕ ਹੋਰ ਤੋਹਫਾ। ਮਾਡਰਨ ਈਸਟ ਇੰਡੀਆ ਕੰਪਨੀਆਂ ਹੁਣ ਕਾਨੂੰਨ ਨਾਲ ਵਾਪਸੀ ਕਰਨਗੀਆਂ।' ਮਾਨ ਨੇ ਦੋਸ਼ ਲਾਇਆ ਕਿ ਬਾਦਲ ਅਕਾਲੀ ਦਲ ਵੱਲੋਂ ਖੇਤੀ ਬਿੱਲਾਂ ਦੇ ਮੁੱਦੇ ਉੱਤੇ ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ (ਐੱਨ ਡੀ ਏ) ਤੋਂ ਵੱਖ ਹੋਣ ਦਾ ਫੈਸਲਾ ਉਨ੍ਹਾਂ ਦਾ ਇਕ ਹੋਰ ਡਰਾਮਾ ਹੈ। ਉਨ੍ਹਾਂ ਕਿਹਾ ਕਿ ਸ਼ੁਰੂ ਵਿੱਚ ਨਾ ਪੰਜਾਬ ਦੇ ਮੁੱਖ ਮੰਤਰੀ ਤੇ ਨਾ ਅਕਾਲੀ ਆਗੂਆਂ ਨੇ ਇਸ ਦਾ ਵਿਰੋਧ ਕੀਤਾ, ਜਦੋਂ ਬਿੱਲ ਪਾਰਲੀਮੈਂਟ ਵਿੱਚ ਪਹੁੰਚ ਗਏ ਅਤੇ ਪੰਜਾਬ ਦੇ ਕਿਸਾਨਾਂ ਨੇ ਅੰਦੋਲਨ ਸ਼ੁਰੂ ਕਰ ਦਿੱਤਾ ਤਾਂ ਉਨ੍ਹਾਂ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ।

# ਇਜ਼ਰਾਈਲ ਵਿੱਚ ਲਾਕਡਾਊਨ ਦੇ ਬਾਵਜੂਦ ਪ੍ਰਧਾਨ ਮੰਤਰੀ ਵਿਰੁੱਧ ਭਾਰੀ ਪ੍ਰਦਰਸ਼ਨ



ਯੇਰੂਸ਼ਲਮ, 27 ਸਤੰਬਰ, (ਪੋਸਟ ਬਿਊਰੋ)- ਇਜ਼ਰਾਈਲ ਵਿਚ ਲਾਕਡਾਊਨ ਦੇ ਬਾਵਜੂਦ ਸ਼ਨਿਚਰਵਾਰ ਰਾਤ ਹਜ਼ਾਰਾਂ ਲੋਕ ਆਪਣੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਤੋਂ ਅਸਤੀਫ਼ੇ ਦੀ ਮੰਗ ਲਈ ਉਸ ਦੇਸਰਕਾਰੀ ਘਰ ਦੇ ਬਾਹਰ ਜਮ੍ਹਾਂ ਹੋ ਗਏ। ਇਸ ਦੇਸ਼ ਵਿਚ ਕੋਰੋਨਾ ਇਨਫੈਕਸ਼ਨ ਦੇ ਕੇਸਾਂ ਵਿਚ ਭਾਰੀ ਵਾਧਾ ਹੋਣ ਦੇ ਕਰ ਕੇ ਸ਼ੁੱਕਰਵਾਰ ਤੋਂ ਲਾਕਡਾਊਨ ਸਖ਼ਤੀ ਨਾਲਲਾਗੂ ਹੈ। ਪ੍ਰਧਾਨ ਮੰਤਰੀ ਨੇਤਨਯਾਹੂ ਇਨ੍ਹਾਂ ਪ੍ਰਦਰਸ਼ਨਾਂ ਉੱਤੇ ਪਾਬੰਦੀ ਲਾਉਣਾ ਚਾਹੁੰਦੇ ਹਨ, ਪ੍ਰੰਤੂ ਇਸ ਦੇ ਲਈ ਪਾਰਲੀਮੈਂਟ ਵਿਚ ਸਹਿਮਤੀ ਨਹੀਂ ਬਣ ਸਕੀ।

ਵਰਨਣ ਯੋਗ ਹੈ ਕਿ ਪਿਛਲੇ ਤਿੰਨ ਮਹੀਨਿਆਂ ਤੋਂ ਨੇਤਨਯਾਹੂ ਦੇ ਅਸਤੀਫ਼ੇ ਦੀ ਮੰਗ ਵਾਸਤੇਉਸ ਦੇ ਘਰ ਅੱਗੇ ਪ੍ਰਦਰਸ਼ਨ ਕਰਨ ਲਈ ਲੋਕ ਜਮ੍ਹਾਂ ਹੋ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਨੇਤਨਯਾਹੂ ਦੇ ਖਿਲਾਫ ਕਿਉਂਕਿ ਭ੍ਰਿਸ਼ਟਾਚਾਰ ਦੇ ਕੇਸ ਚੱਲਦੇ ਹਨ, ਇਸ ਲਈ ਉਸ ਨੂੰ ਅਹੁਦਾ ਛੱਡ ਦੇਣਾ ਚਾਹੀਦਾ ਹੈ। ਕੋਰੋਨਾ ਦੀ ਮਹਾਮਾਰੀ ਨਾਲ ਠੀਕ ਤਰ੍ਹਾਂ ਨਾ ਨਿਪਟ ਸਕਣ ਕਾਰਨ ਵੀ ਲੋਕਾਂ ਵਿਚ ਨੇਤਨਯਾਹੂ ਦੇ ਖਿਲਾਫਰੋਸ ਹੈ। ਪ੍ਰਦਰਸ਼ਨਕਾਰੀਆਂ ਵਿਚ ਵੱਡੀ ਗਿਣਤੀ ਉਨ੍ਹਾਂ ਨੌਜਵਾਨਾਂ ਦੀ ਹੈ, ਜਿਨ੍ਹਾਂ ਨੇ ਆਰਥਿਕ ਮੁਸ਼ਕਲ ਕਾਰਨ ਨੌਕਰੀ ਗੁਆ ਦਿੱਤੀ ਹੈ।ਸ਼ਨਿਚਰਵਾਰ ਰਾਤ ਦੇ ਇਸ ਪ੍ਰਦਰਸ਼ਨ ਵਿਚ ਸ਼ੋਰ-ਸ਼ਰਾਬਾ ਤਾਂ ਹੋਇਆ, ਪ੍ਰੰਤੂ ਲੋਕਾਂ ਨੇ ਕੋਰੋਨਾ ਦੇ ਕਾਰਨ ਸਰੀਰਕ ਦੂਰੀ ਦੇ ਨਿਯਮ ਕਿਤੇਨਹੀਂ ਟੁੱਟਣ ਦਿੱਤੇ। ਇਸ ਮੌਕੇ ਇਜ਼ਰਾਈਲੀ ਝੰਡੇ ਵੀ ਲਹਿਰਾਏ ਗਏ, ਜਿਨ੍ਹਾਂ ਉੱਤੇ ਨੇਤਨਯਾਹੂ ਦੇ ਖ਼ਿਲਾਫ਼ ਨਾਅਰੇ ਲਿਖੇ ਹੋਏ ਸਨ।

# ਪਾਸ ਹੋ ਚੁੱਕੇ ਖੇਤੀ ਬਿੱਲ ਰੱਦ ਕਰਾਉਣ ਲਈ ਬਾਦਲ ਅਕਾਲੀ ਦਲ ਵੱਲੋਂ 'ਹੱਲਾ-ਬੋਲ' ਸ਼ੁਰੂ



ਹੁਸ਼ਿਆਰਪੁਰ, 27 ਸਤੰਬਰ, (ਪੋਸਟ ਬਿਊਰੋ)-ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲਨੇ ਕਿਹਾ ਹੈ ਕਿਪੰਜਾਬ ਵਿੱਚ ਇਸ ਵੇਲੇ ਕੰਮ ਕਰਦੀਆਂ 1900 ਮੰਡੀਆਂ ਵਿੱਚੋਂ 90 ਫ਼ੀਸਦੀ ਮੰਡੀਆਂ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਦੌਰਾਨ ਹੀ ਬਣੀਆਂ ਸਨ, ਜਦਕਿ ਇਸ ਦੇ ਉਲਟ ਕਾਂਗਰਸ ਦਾ ਮੁੱਖ ਮੰਤਰੀ ਸੂਬੇ ਦੇ ਕਿਸਾਨਾਂ ਦਾ ਹਿੱਤੂ ਹੋਣ ਦਾ ਦਿਖਾਵਾ ਕਰ ਕੇ ਖੇਤੀ ਆਰਡੀਨੈਂਸਾਂ ਦੇ ਮੁੱਦੇ ਉੱਤੇ ਕਿਸਾਨਾਂ ਨੂੰ ਗੁੰਮਰਾਹ ਕਰ ਰਿਹਾ ਹੈ।

ਇਹ ਗੱਲ ਸੁਖਬੀਰ ਸਿੰਘ ਬਾਦਲ ਨੇ ਹੁਸ਼ਿਆਰਪੁਰ ਵਿਖੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਤੇ ਸ਼ਹਿਰੀ ਪ੍ਰਧਾਨ ਜਤਿੰਦਰ ਸਿੰਘ ਲਾਲੀ ਬਾਜਵਾ ਦੀ ਅਗਵਾਈ ਹੇਠ ਏਥੇ ਗੁਰਦੁਆਰਾ ਜ਼ਾਹਰਾ ਜ਼ਹੂਰ ਪੁਰਹੀਰਾਂ ਵਿਖੇ ਅਕਾਲੀ ਦਲ ਦੀ ਜ਼ਿਲ੍ਹਾ ਪੱਧਰੀ ਕਾਨਫਰੰਸ ਵਿੱਚ ਕਹੀ ਹੈ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਦਲ ਨੇ ਪੰਜਾਬ ਦੀ ਭਲਾਈ ਤੇ ਚੜ੍ਹਦੀ ਕਲਾ ਲਈ ਕੁਰਬਾਨੀਆਂ ਕੀਤੀਆਂ ਹਨ ਤੇ ਕਰਦਾ ਰਹੇਗਾ।ਉਨ੍ਹਾ ਸਟੇਜ ਤੋਂ ਕਾਂਗਰਸ ਦਾ ਮੈਨੀਫੈਸਟੋ ਲਹਿਰਾ ਕੇ ਕਿਹਾ ਕਿ ਝੂਠੇ ਵਾਅਦੇ ਕਰਕੇ ਸੱਤਾ ਵਿੱਚ ਆਈ ਕੈਪਟਨ ਸਰਕਾਰਲੋਕਾਂ ਨੂੰ ਗੁੰਮਰਾਹ ਕਰਨ ਦੀ ਦੋਸ਼ੀ ਹੈ ਤੇ ਉਸ ਦੀਆਂ ਲੋਕ ਮਾਰੂ ਨੀਤੀਆਂ ਕਾਰਨ ਵਰਗ ਉਸਤੋਂ ਦੁਖੀ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਜਿੰਨੇ ਵਾਅਦੇ ਚੋਣਾਂ ਵੇਲੇ ਲੋਕਾਂ ਨਾਲ ਕੀਤੇ ਸਨ, ਉਨ੍ਹਾਂ ਵਿੱਚੋਂ ਕੋਈ ਵੀ ਸਹੀ ਤਰ੍ਹਾਂ ਪੂਰਾ ਨਹੀਂ ਕੀਤਾ, ਜਿਸ ਕਾਰਨ ਅੱਜ ਹਰ ਵਰਗ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਦਾ ਕਰਜ਼ਾ ਮਾਫ਼ ਕਰਨ, ਘਰ-ਘਰ ਨੌਕਰੀਆਂ ਦੇਣ, ਨੌਜਵਾਨਾਂ ਨੂੰ ਸਮਾਰਟ ਫੋਨ ਦੇਣ ਜਾਂ ਇਕ ਹਫਤੇ ਵਿੱਚ ਨਸ਼ੇ ਬੰਦ ਕਰਨ ਦੀ ਸਹੁੰ ਚੁੱਕਣ ਦਾ ਵਾਅਦਾ ਆਦਿਸਭ ਝੂਠ ਦਾ ਪੁਲੰਦਾ ਨਿਕਲੇ ਹਨ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਤੇ ਕਾਂਗਰਸ ਪਾਰਟੀ ਖੇਤੀ ਆਰਡੀਨੈਂਸਾਂ ਬਾਰੇ ਗੰਦੀ ਰਾਜਨੀਤੀ ਕਰਨ ਦੇ ਨਾਲ ਪੰਜਾਬ ਦੇ ਕਿਸਾਨਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਰਹੇ ਹਨ,ਕਿਉਂਕਿ ਅਕਾਲੀ ਦਲ, ਜੋ ਸਹੀ ਅਰਥਾਂ ਵਿੱਚ ਕਿਸਾਨ ਅਤੇ ਪੰਜਾਬ ਹਿਤੈਸ਼ੀ ਪਾਰਟੀ ਹੈ, ਨੇ ਨਾ ਸਿਰਫ ਵਜ਼ਾਰਤ ਨੂੰ ਠੋਕਰ ਮਾਰੀ, ਸਗੋਂ ਭਾਜਪਾ ਨਾਲ 22 ਸਾਲ ਪੁਰਾਣਾ ਗਠਜੋੜ ਵੀ ਕਿਸਾਨਾਂ ਦੀ ਹਿੱਤਾਂ ਦੀ ਰਾਖੀ ਲਈ ਤੋੜ ਦਿੱਤਾ ਹੈ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਅਤੇ ਕਾਂਗਰਸ ਸਚੱਮੁਚ ਹੀ ਕਿਸਾਨਾਂ ਦੇ ਹਿੱਤੂ ਹਨ ਤਾਂ ਪਾਰਲੀਮੈਂਟ ਮੈਂਬਰੀ ਅਤੇ ਮੁੱਖ ਮੰਤਰੀ ਦੇ ਅਹੁਦਿਆਂ ਤੋਂਅਸਤੀਫ਼ਾ ਦੇ ਕੇ ਪੰਜਾਬ ਦੇ ਕਿਸਾਨਾਂ ਦੀ ਭਲਾਈ ਲਈ ਰਾਜਨੀਤੀ ਤੋਂ ਉੱਪਰ ਉੱਠਣ ਅਤੇ ਅਸੀਂ ਦਿੱਲੀ ਦਰਬਾਰ ਨਾਲ ਸਾਂਝੀ ਲੜਾਈ ਸ਼ੁਰੂ ਕਰੀਏ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਖੇਤੀ ਆਰਡੀਨੈਂਸਾਂ ਨੂੰ ਰੱਦ ਕਰਵਾਉਣ ਲਈ ਪਹਿਲੀ ਅਕਤੂਬਰ ਨੂੰ ਪੰਜਾਬ ਦੇ ਤਿੰਨ ਤਖ਼ਤ ਸਾਹਿਬਾਨ ਤੋਂ ਰੋਸ ਮਾਰਚ ਸ਼ੁਰੂ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਚੰਡੀਗੜ੍ਹ ਜਾ ਕੇ ਗਵਰਨਰ ਹਾਊਸ ਦਾ ਘਿਰਾਓ ਕੀਤਾ ਜਾਵੇਗਾ।

# ਮਨੁੱਖੀ ਅਧਿਕਾਰ ਵਰਕਰ ਨੇ ਯੂ ਐੱਨ ਨੂੰ ਕਿਹਾ: ਪਾਕਿ ਜਾਨਵਰਾਂ ਵਾਲਾ ਵਿਹਾਰ ਕਰਦੈ

ਨਿਊਯਾਰਕ, 27 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ ਆਰ ਕੇ) ਵਿੱਚ ਇਮਰਾਨ ਖਾਨ ਦੀ ਸਰਕਾਰ ਦੇ ਜ਼ੁਲਮਾਂ ਦੀ ਗੱਲ ਖੁੱਲ੍ਹ ਕੇ ਬਾਹਰ ਆਉਣ ਲੱਗੀ ਹੈ ਅਤੇ ਗਿਲਗਿਤ-ਬਾਲਿਸਤਾਨ ਨੂੰ ਪੱਕੇ ਸੂਬੇ ਦਾ ਦਰਜਾ ਦਿੱਤਾ ਜਾਣ ਤੋਂ ਪਹਿਲਾਂ ਪੀ ਆਰ ਕੇ ਨਾਂਅ ਦੇ ਮਨੁੱਖੀ ਅਧਿਕਾਰ ਵਰਕਰ ਸਜਾਦ ਰਾਜਾ ਨੇ ਇਹ ਮਾਮਲਾ ਯੂ ਐਨ ਵਿੱਚ ਵੀ ਉਠਾਇਆ ਹੈ ਅਤੇ ਪਾਕਿ-ਸਤਾਨ ਸਰਕਾਰ ਦੇ ਫੈਸਲੇ ਦਾ ਵਿਰੋਧ ਕੀਤਾ ਹੈ। ਸਜਾਦ ਰਾਜਾ ਨੇ ਯੂ ਐਨ ਤੋਂ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਵਿੱਚ ਰਹਿਣ ਵਾਲੇ ਲੋਕਾਂ ਦੇ ਨਾਗਰਿਕ ਅਤੇ ਸੰਵੈਧਾਨਿਕ ਅਧਿਕਾਰ ਦਿਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਮਰਾਨ ਖਾਨ ਸਰਕਾਰ ਇਸ ਖੇਤਰ ਦੇ ਲੋਕਾਂ ਨਾਲ ਜਾਨਵਰਾਂ ਵਾਲਾ ਵਿਹਾਰ ਕਰਦੀ ਹੈ। ਯੂ ਐੱਨ ਮਨੁੱਖੀ ਅਧਿਕਾਰ ਕਮਿਸ਼ਨ ਦੇ 45ਵੇਂ ਸੈਸ਼ਨ ਦੌਰਾਨ ਜੰਮੂ-ਕਸ਼ਮੀਰ ਗਿਲਗਿਤ-ਬਾਲਿਸਤਾਨ ਦੀ ਨੈਸ਼ਨਲ ਇਕੁਅਲਿਟੀ ਪਾਰਟੀ ਦੇ ਪ੍ਰਧਾਨ ਸਜਾਦ ਰਾਜਾ ਨੇ ਕਿਹਾ, 'ਅਸੀਂ ਪਾਕਿ ਕਬਜ਼ੇ ਵਾਲੇ ਕਸ਼ਮੀਰ ਵਿੱਚ ਰਹਿਣ ਵਾਲੇ ਲੋਕ ਇਸ ਕੌਂਸਲ ਨੂੰ ਬੇਨਤੀ ਕਰਦੇ ਹਾਂ ਕਿ ਉਹ ਪਾਕਿਸਤਾਨ ਨੂੰ ਸਾਡੇ ਨਾਲ ਜਾਨਵਰਾਂ ਵਾਲਾ ਵਿਹਾਰ ਕਰਨ ਤੋਂ ਰੋਕੇ। ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਵਿੱਚ ਪਾਕਿਸਤਾਨ ਦੇ ਨਵੇਂ ਇਲੈਕਸ਼ਨ ਐਕਟ-2020 ਨੇ ਸਾਡੇ ਸਾਰੇ ਸੰਵਿਧਾਨਿਕ, ਨਾਗਰਿਕ ਅਤੇ ਰਾਜਨੀਤਿਕ ਅਧਿਕਾਰ ਖੋਲ ਲਏ ਹਨ। ਪਾਕਿਸਤਾਨ ਵਿੱਚ ਸ਼ਾਮਲ ਹੋਣ ਦੇ ਖ਼ਿਲਾਫ਼ ਕੀਤੀ ਜਾ ਰਹੀ ਸਾਡੀ ਮੰਗਾਂ ਨੂੰ ਦੇਸ਼ਵਿਰੋਧੀ ਕਰਾਰ ਕਰ ਦਿੱਤਾ ਗਿਆ ਹੈ, ਜੋ ਯੂ ਐੱਨ ਓ ਦੇ ਮਤਿਆਂ ਦੇ ਖ਼ਿਲਾਫ਼ ਹੈ। ਓਥੇ ਰਹਿਣ ਵਾਲੇ ਲੋਕਾਂ ਦਾ ਦਰਦ ਦੱਸਦੇ ਹੋਏ ਇੱਕ ਸਮੇਂ ਸਜਾਦ ਦੀਆਂ ਅੱਖਾਂ ਤੋਂ ਅੱਥਰੂ ਵਗ ਤੁਰੇ। ਉਨ੍ਹਾਂ ਨੇ ਕਿਹਾ ਕਿ ਸਾਨੂੰ ਆਪਣੇ ਘਰ ਦੀ ਰੱਖਿਆ ਕਰਨ ਦੇ ਲਈ ਹੀ ਗਦਾਰ ਕਰਾਰ ਦੇ ਦਿੱਤਾ ਜਾਂਦਾ ਹੈ।

# ਕੈਗ ਦਾ ਖੁਲਾਸਾ: ਭਾਰਤ ਸਰਕਾਰ ਨੇ ਜੀ ਐਸ ਟੀ ਫੰਡ ਕਿਤੇ ਹੋਰ ਵਰਤ ਲਿਆ




ਨਵੀਂ ਦਿੱਲੀ, 27 ਸਤੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਨਿਯਮਾਂ ਦੀ ਉਲੰਘਣਾ ਕਰ ਕੇ ਵਿੱਤ ਸਾਲ 2017-18 ਅਤੇ 2018-19 ਵਿੱਚ ਜੀ ਐਸ ਟੀ ਮੁਆਵਜ਼ੇ ਦੀ 47,272 ਕਰੋੜ ਰੁਪਏ ਦੀ ਰਾਸ਼ੀ 'ਕਨਸੋਲੀਡੇਟਿਡ ਫੰਡ ਆਫ ਇੰਡੀਆ' (ਸੀ ਐਫ ਆਈ) ਵਿੱਚਚ ਰੱਖੀ ਅਤੇ ਇਸ ਫੰਡ ਨੂੰ ਦੂਸਰੇ ਕੰਮ ਲਈ ਵਰਤਿਆ ਸੀ। ਕੈਗ (ਕੰਪਟ੍ਰੋਲਰ ਐਂਡ ਆਡੀਟਰ ਜਰਨਲ) ਨੇ ਆਪਣੀ ਆਡਿਟ ਰਿਪੋਰਟ 'ਚ ਇਹ ਖੁਲਾਸਾ ਕੀਤਾ ਹੈ।

ਪਿਛਲੇ ਹਫਤੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਪਾਰਲੀਮੈਂਟ ਵਿੱਚ ਦੱਸਿਆ ਸੀ ਕਿ ਰਾਜਾਂ ਨੂੰ ਜੀ ਐਸ ਟੀ ਮੁਆਵਜਾ ਦੇਣ ਲਈ ਸੀ ਐਫ ਆਈ ਤੋਂ ਫੰਡ ਜਾਰੀ ਕਰਨ ਦੀ ਕੋਈ ਕਾਨੂੰਨੀ ਵਿਵਸਥਾ ਨਹੀਂ ਹੈ, ਪਰ ਕੈਗ ਦਾ ਕਹਿਣਾ ਹੈ ਕਿ ਖੁਦ ਸਰਕਾਰ ਨੇ ਇਸ ਨਿਯਮ ਦੀ ਉਲੰਘਣਾ ਕੀਤੀ ਹੈ। ਕੈਗ ਨੇ ਕਿਹਾ ਕਿ ਸਟੇਟਮੈਂਟ 8, 9 ਅਤੇ 13 ਦੇ ਆਡਿਟ ਦੀ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ 'ਜੀ ਐਸ ਟੀ ਮੁਆਵਜਾ ਸੈੱਸ ਕੁਲੈਕਸ਼ਨ' ਵਿੱਚ ਘੱਟ ਫੰਡ ਜਮ੍ਹਾ ਹੋਇਆ ਹੈ। ਵਿੱਤ ਸਾਲ 2017-18 ਅਤੇ 2018-19 ਲਈ 47,272 ਕਰੋੜ ਰੁਪਏ ਘੱਟ ਫੰਡ ਜਮ੍ਹਾ ਹੋਇਆ। ਇਹ 'ਜੀ ਐਸ ਟੀ ਮੁਆਵਜਾ ਸੈੱਸ ਐਕਟ 2017' ਦੇ ਨਿਯਮਾਂ ਦੀ ਉਲੰਘਣਾ ਹੈ। ਨਿਯਮਾਂ ਮੁਤਾਬਿਕ ਇਸਦੀ ਵਰਤੋਂ ਰਾਜਾਂ ਨੂੰ ਜੀ ਐਸ ਟੀ ਰੈਵੇਨਿਊ ਦੀ ਭਰਪਾਈ ਲਈ ਹੁੰਦੀ ਹੈ, ਪਰ ਕੇਂਦਰ ਸਰਕਾਰ ਨੇ ਕੁੱਲ ਜੀ ਐਸ ਟੀ ਸੈਸ ਨੂੰ ਜੀ ਐਸ ਟੀ ਮੁਆਵਜਾ ਫੰਡ 'ਚ ਬਦਲਣ ਦੀ ਬਜਾਏ ਇਸ ਨੂੰ ਸੀ ਐਫ ਆਈ ਵਿੱਚ ਰੱਖਿਆ ਅਤੇ ਬਾਅਦ 'ਚ ਕਿਸੇ ਹੋਰ ਕੰਮ ਲਈ ਵਰਤਿਆ। ਵਿੱਤ ਸਾਲ 2018-19 'ਚ ਇਸ ਫੰਡ 'ਚ 90,000 ਕਰੋੜ ਰੁਪਏ ਟਰਾਂਸਫਰ ਕਰਨ ਦੀ ਬਜਟ ਵਿਵਸਥਾ ਸੀ ਤੇ ਇਹ ਰਕਮ ਰਾਜਾਂ ਨੂੰ ਜਾਰੀ ਕੀਤੀ ਜਾਣੀ ਸੀ। ਉਸ ਸਾਲ 95,081 ਕਰੋੜ ਰੁਪਏ ਜਮ੍ਹਾਂ ਹੋਏ। ਵਿੱਤ ਮੰਤਰਾਲੇ ਦੇ ਰੈਵੇਨਿਊ ਵਿਭਾਗ ਨੇ ਇਸ ਵਿੱਚੋਂ ਕੇਵਲ 54,275 ਕਰੋੜ ਰੁਪਏ ਮੁਆਵਜਾ ਫੰਡ 'ਚ ਪਾਏ ਅਤੇ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ 69,275 ਕਰੋੜ ਰੁਪਏ ਜਾਰੀ ਕੀਤੇ, ਜਦੋਂ ਕਿ ਇਸ ਫੰਡ 'ਚ ਪਹਿਲਾਂ ਹੀ 15000 ਕਰੋੜ ਰੁਪਏ ਜਮ੍ਹਾਂ ਸਨ।

Paramjit Deol
Broker

CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.
Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000**



**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**



**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**



**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**




**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**

Photo Not Available

**7885 Tranmere Dr:**Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**



**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**

Photo Not Available

**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**

Photo Not Available

**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**

Photo Not Available

**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**



**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**



**Ferndale & Edgehill :**Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**

Photo Not Available

**150 Windfields Farm Dr 86:**Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**



**124 Cornwall Rd:** Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**




**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**



**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**



**Derry And Mclaughlin:**One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana




ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# Ride Ontario's Heritage Railway

SPECIAL RIDES
FALL COLOURS TOURS

**Starts From Sep 27**
**Reservation only**




ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜਾਰਾ ਯਾਨੀ ਪਤਝੱੜ (Falls) ਦਾ ਇਸ ਵਾਰੀ Beeton Creek Valley ਵਿੱਚ South Simcoe ਦੀ Heritage Train ਰਾਹੀਂ ਆਪਣੇ ਪਰਿਵਾਰ ਸਮੇਤ ਆਨੰਦ ਮਾਣੋ

Ask about on-board Birthday Parties!



ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ

ਪਾਰਕਾਂ ਵਿੱਚ ਪਿਕਨਿਕ ਮਨਾਉਣ ਦਾ ਨਜ਼ਾਰਾ ਲੈਣ ਲਈ: www.tottenhamconservation.com

For complete information, fares & schedules, please visit southsimcoerailway.ca

GPS 44 . 01 . 19 N
79 . 48 . 27 W

or call:905.936.5815

VISA MasterCard Interac



jobs! jobs! jobs! jobs! jobs!

DUNDAS·JAFINE

# HELP WANTED

## ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

**Join and Represent Us**

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



# Steinmetz & Associates

PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

## ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਜਾਤੀ ਤੇ ਜਮਾਤੀ ਪਾੜਾ

-ਚਰਨਜੀਤ ਸਿੰਘ ਰਾਜੌਰ

'ਕਾਕਾ, ਤੇਰੀ ਜਾਤ ਕੀ ਆ, ਰੋਜ਼ ਆ ਜਾਨਾ ਏਂ ਸਾਡੇ ਜਵਾਕਾਂ ਨਾਲ ਖੇਡਣ।' ਉਸ ਦਿਨ ਮੈਂ ਇਹ 'ਜਾਤ' ਸ਼ਬਦ ਪਹਿਲੀ ਵਾਰ ਸੁਣਿਆ ਸੀ, ਪਰ ਇਹ ਭੁੱਲ ਕੇ ਮੈਂ ਫਿਰ ਉਨ੍ਹਾਂ ਦੇ ਬਰੈਂਡਡ ਕੱਪੜਿਆਂ ਵਾਲੇ ਜਵਾਕਾਂ ਨਾਲ ਖੇਡਣ ਲੱਗਾ। ਮੇਰੇ ਹਿੱਸੇ ਦੀ ਖੇਡ ਸਿਰਫ ਉਨ੍ਹਾਂ ਮੇਰੀ ਹੀ ਉਮਰ ਦੇ ਬੱਚਿਆਂ ਵੱਲੋਂ ਬੱਲੇ ਨਾਲ ਮਾਰੀ ਗੇਂਦ ਚੁੱਕ ਕੇ ਲਿਆਉਣਾ ਸੀ, ਜਿਸ ਵਿੱਚ ਕਦੇ ਮੈਨੂੰ ਬਾਲ ਨਾਲੀ ਵਿੱਚੋਂ ਚੁੱਕਣੀ ਪੈਂਦੀ, ਕਦੇ ਗੁਆਂਢੀਆਂ ਦੇ ਘਰ ਚੋਰੀ-ਚੋਰੀ ਵੜ ਕੇ। ਉਹ ਸਭ ਕੋਠੀ ਵਾਲੇ ਮੇਰੇ ਹਾਣੀ ਮੇਰੀ ਇਸ ਗੱਲ 'ਤੇ ਹੱਸਦੇ ਵੀ ਬਹੁਤ, ਪਰ ਮੈਨੂੰ ਆਪਣੀ ਖੇਡ ਨਾਲ ਮਤਲਬ ਸੀ। ਮੈਨੂੰ ਇਹੋ ਆਪਣੀ ਵਾਰੀ ਲੱਗਦੀ। ਪਤਾ ਨਹੀਂ ਕਿਵੇਂ ਇੱਕ ਸਾਂਝ ਜਿਹੀ ਪੈ ਗਈ ਉਸ ਮੁਹੱਲੇ ਦੇ ਜਵਾਕਾਂ ਨਾਲ। ਉਹ ਮੇਰੇ ਵੱਲ ਕੋਈ ਖਾਸ ਧਿਆਨ ਨਾ ਦਿੰਦੇ, ਪਰ ਮੇਰਾ ਧਿਆਨ ਸਿਰਫ ਉਨ੍ਹਾਂ ਵੱਲ ਹੁੰਦਾ। ਸਵੇਰੇ ਮਾਂ ਰੋਟੀ ਬਣਾ ਕੇ ਕੰਮ 'ਤੇ ਚਲੀ ਜਾਂਦੀ, ਬਾਪੂ ਦਿਹਾੜੀ 'ਤੇ, ਮੈਂ ਸਕੂਲੇ, ਪਰ ਮੈਨੂੰ ਕਾਹਲ ਉਸ ਮੁਹੱਲੇ ਵੱਲ ਜਾਣ ਦੀ ਰਹਿੰਦੀ। ਸਕੂਲੋਂ ਆ ਕੇ ਮੈਂ ਉਨ੍ਹਾਂ ਆਪਣੇ ਹਾਣਦਿਆਂ ਕੋਲ ਚਲਿਆ ਜਾਂਦਾ। ਉਨ੍ਹਾਂ ਦੀ ਖੇਡ ਦਾ ਹਿੱਸਾ ਬਣਦਾ।

ਇੱਕ ਦਿਨ ਕੋਈ ਖੇਡਣ ਲਈ ਬਾਹਰ ਨਾ ਆਇਆ। ਮੈਂ ਉਸ ਗਲੀ ਵਿੱਚ ਬੜੇ ਗੇੜੇ ਮਾਰੇ, ਮੇਰੇ ਦਿਲ ਵਿੱਚ ਖੋਹ ਪੈ ਰਹੀ ਸੀ। ਬਰਦਾਸ਼ਤ ਨਾ ਹੋਇਆ ਤੇ ਮੈਂ ਉਸ ਘਰ ਦਾ ਗੇਟ ਖੋਲ੍ਹ ਕੇ ਸਿੱਧਾ ਅੰਦਰ ਵੜ ਗਿਆ। ਅੰਦਰ ਵੜਨ ਸਾਰ ਕੌੜੀ ਜਿਹੀ ਆਵਾਜ਼ ਮੇਰੇ ਕੰਨੀਂ ਪਈ। 'ਵੇ ਇੱਕ ਆਹ ਵਿਹੜੇ ਵਾਲਿਆਂ ਦਾ ਕੰਜਰ ਨੀਂ ਪਿੱਛਾ ਛੱਡਦਾ ਸਾਡੇ ਜਵਾਕਾਂ ਦਾ, ਕੀ ਇਨ੍ਹਾਂ ਨਾਲ ਖੇਡਣਗੇ ਕੀ ਸਾਡੇ ਜਵਾਕ? ਨੀ ਕਿੱਥੇ ਆ ਹੈਰੀ ਦੀ ਮੰਮੀ...? ਕੱਢ...ਇਸ ਨੂੰ ਧੱਕੇ ਮਾਰ ਕੇ ਬਾਹਰ।'

ਤੁਰੰਤ ਇੱਕ ਔਰਤ ਰਸੋਈ ਵਿੱਚੋਂ ਨਿਕਲ ਕੇ ਸਿੱਧਾ ਮੇਰੇ ਵੱਲ ਭੱਜ ਕੇ ਆਈ, ਮੈਂ ਡਰ ਗਿਆ, ਉਸ ਨੇ ਆਉਂਦੀ-ਆਉਂਦੀ ਨੇ ਖੌਰੇ ਮੈਨੂੰ ਕਿੰਨੀਆਂ ਹੀ ਗਾਲ੍ਹਾਂ ਕੱਢ ਦਿੱਤੀਆਂ ਅਤੇ ਮੇਰਾ ਕੰਨ ਪੁੱਟਦੀ ਹੋਈ ਮੈਨੂੰ ਗੁੱਸੇ 'ਚ ਬੋਲੀ, 'ਦੇਖ ਵੇ ਤੇਰਾ ਤੇ ਸਾਡੇ ਜਵਾਕਾਂ ਦਾ ਕੋਈ ਮੇਲ ਨਹੀਂ। ਅੱਜ ਤੋਂ ਬਾਅਦ ਨਾ ਇਸ ਗਲੀ ਵਿੱਚ ਨਾ ਦਿੱਖ ਜਾਵੀਂ, ਨਹੀਂ ਸਾਰੇ ਟੱਬਰ ਨੂੰ ਪੁਲਸ 'ਚ ਫੜਾਦੂੰ, ਭਾਈ ਮੇਰਾ ਅਫਸਰ ਆ ਪੁਲਸ 'ਚ, ਤੈਨੂੰ ਕਰਦੂੰ ਸਿੱਧਾ।' ਮੈਨੂੰ ਅਜੇ ਤੱਕ ਇਹ ਗੱਲ ਨਹੀਂ ਸਮਝ ਆਈ ਕਿ ਉਹ ਔਰਤ ਬੋਲਦੀ ਹੋਈ ਹੱਥ ਮੇਰੇ ਵੱਲ ਕਰ ਰਹੀ ਸੀ, ਪਰ ਸੜਿਆ ਜਿਹਾ ਮੂੰਹ ਬਣਾ ਕੇ ਕਚੀਚੀਆ ਆਪਣੀ ਸੱਸ ਵੱਲ ਵੇਖ ਕੇ ਕਿਉਂ ਲੈ ਰਹੀ ਸੀ। ਉਸ ਨੇ ਮੈਨੂੰ ਕੰਨੋਂ ਫੜ ਕੇ ਗੇਟ ਤੋਂ ਬਾਹਰ ਧੱਕਦਿਆਂ ਕਿਹਾ, 'ਸਾਡੇ ਜਵਾਕਾਂ ਦੇ ਪੱਕੇ ਪੇਪਰ ਸ਼ੁਰੂ ਨੇ, ਉਨ੍ਹਾਂ ਨੇ ਪੜ੍ਹਨਾਂ ਹੁੰਦਾ। ਖਬਰਦਾਰ ਜੇ ਮੁੜ ਗਲੀ ਵਿੱਚ ਦਿਖਿਆ ਤਾਂ।'

ਪੇਪਰ ਤਾਂ ਮੇਰੇ ਵੀ ਸ਼ੁਰੂ ਹੋਣ ਵਾਲੇ ਸਨ, ਪਰ ਮੇਰੇ ਮਨ ਵਿੱਚ ਕਦੇ ਇਸ ਤਰ੍ਹਾਂ ਪੜ੍ਹਨ ਦਾ ਖਿਆਲ ਆਇਆ ਹੀ ਨਹੀਂ ਸੀ। ਮੈਂ ਉਥੋਂ ਭੱਜਿਆ ਘਰ ਨੂੰ ਗਿਆ ਤੇ ਬਸਤਾ ਖੋਲ੍ਹ ਕੇ ਬਹਿ ਗਿਆ ਪੜ੍ਹਨ। ਮੈਂ ਦਿਨ-ਰਾਤ ਪੜ੍ਹਦਾ ਹੀ ਰਹਿੰਦਾ। ਹਫਤੇ ਵਿੱਚ ਮੈਂ ਸਾਰੇ ਸਿਲਬਸ ਦੀ ਦੁਹਰਾਈ ਕਰ ਲਈ। ਇਮਤਿਹਾਨ ਹੋਏ, ਨਤੀਜਾ ਆਇਆ ਤਾਂ ਸਭ ਹੈਰਾਨ ਸਨ, ਮੈਂ ਜਮਾਤ ਵਿੱਚ ਪਹਿਲੇ ਨੰਬਰ 'ਤੇ ਆਇਆ ਸੀ। ਪਹਿਲਾਂ ਪੜ੍ਹਨ ਦਾ ਪਤਾ ਹੀ ਨਹੀਂ ਸੀ, ਪਰ ਉਸ ਦਿਨ ਉਨ੍ਹਾਂ ਵੱਡੇ ਘਰ ਵਾਲੀਆਂ ਔਰਤਾਂ ਨੇ ਭਾਵੇਂ ਗਾਲ੍ਹਾਂ ਕੱਢ ਕੇ ਹੀ, ਪਰ ਮੇਰੇ ਵਿੱਚ ਸੋਚਣ ਦੀ ਸ਼ਕਤੀ ਪੈਦਾ ਕਰ ਦਿੱਤੀ। ਵਿਹੜੇ ਦੇ ਕੁਝ ਹੋਰ ਬੱਚੇ ਵੀ ਮੇਰੇ ਕੋਲ ਆ ਕੇ ਪੜ੍ਹਨ ਲੱਗਦੇ। ਮੈਂ ਬਹੁਤ ਪੜ੍ਹਦਾ, ਪਿੰਡ ਦੇ ਸਕੂਲ ਤੋਂ ਸ਼ਹਿਰ ਦੇ ਸਕੂਲ ਫਿਰ ਕਾਲਜ ਅਤੇ ਫਿਰ ਯੂਨੀਵਰਸਿਟੀ ਵਿੱਚ ਦਾਖਲਾ ਲੈ ਲਿਆ।

ਹੋਸਟਲ ਵਿੱਚ ਰਹਿੰਦਿਆਂ ਦੂਜੀ ਵਾਰ ਮੈਨੂੰ ਇਹ ਜਾਤ-ਪਾਤ ਵਰਗੇ ਸ਼ਬਦ ਸੁਣਨ ਨੂੰ ਮਿਲੇ ਅਤੇ ਮੈਂ ਸਮਝ ਚੁੱਕਾ ਸੀ ਕਿ ਪੜ੍ਹਾਈਆਂ ਤਾਂ ਬੰਦੇ ਦੇ ਦਿਮਾਗ ਵਿੱਚ ਫਸੇ ਇਨ੍ਹਾਂ ਜਾਤਾਂ-ਜਮਾਤਾਂ ਦੇ ਮੈਲ ਨੂੰ ਹੋਰ ਪੱਕਾ ਕਰ ਕੇ ਪੜ੍ਹਨ ਵਾਲਿਆਂ ਦੇ ਮਨਾਂ ਤੇ ਇਸ ਦੀ ਇੱਕ-ਪੱਕੀ ਪਰਤ ਬਣਾ ਦਿੰਦੀਆਂ ਹਨ ਅਤੇ ਇਨ੍ਹਾਂ ਨੂੰ ਕੱਟੜ ਬਣਾ ਕੇ ਰੱਖ ਦਿੰਦੀਆਂ ਹਨ। ਮਜ਼ਾਲ ਆ ਕੋਈ ਵਿਦਿਆਰਥੀ ਆਪਣੀ ਵਿਚਾਰਧਾਰਾ ਖਿਲਾਫ ਕੋਈ ਸ਼ਬਦ ਵੀ ਸੁਣ ਲਵੇ। ਮੈਂ ਆਪਣੇ ਆਪ ਨੂੰ ਸੰਤੁਲਤ ਰੱਖਣ ਦੀ ਕੋਸ਼ਿਸ਼ ਵਿੱਚ ਚਲਦਾ ਰਿਹਾ।

ਅੱਜ ਵੀ ਕਈ ਵਾਰ ਉਨ੍ਹਾਂ ਕੋਠੀ ਵਾਲਿਆਂ ਦੀ ਬੀਬੀ ਤੋਂ ਜਦੋਂ ਮੈਂ ਇਹ 'ਜਾਤ' ਸ਼ਬਦ ਸੁਣਿਆ ਸੀ, ਉਹ ਕਿੱਸਾ ਯਾਦ ਆ ਜਾਂਦਾ। ਯੂਨੀਵਰਸਿਟੀ ਰਹਿੰਦਿਆਂ ਮੈਂ ਸਮਝ ਚੁੱਕਿਆ ਸੀ ਕਿ ਉਦੋਂ ਉਹ ਕੋਠੀ ਵਾਲੇ ਮੇਰੇ ਹਾਣ ਦੇ ਜਵਾਕ ਮੈਥੋਂ ਸਿਰਫ ਬਾਲਾਂ ਹੀ ਕਿਉਂ ਚੁਕਵਾਉਂਦੇ ਸਨ।

ਯੂਨੀਵਰਸਿਟੀ ਪੜ੍ਹਦਿਆਂ ਹੀ ਸਰਕਾਰੀ ਅਧਿਆਪਕ ਲੱਗ ਗਿਆ। ਪਿੰਡ ਚੰਗੀ ਕੋਠੀ ਪਾ ਲਈ, ਵਿਆਹ ਸਰਕਾਰੀ ਅਧਿਆਪਕਾ ਨਾਲ ਹੋ ਗਿਆ। ਜਵਾਕ ਵੀ ਚੰਗਾ ਕੱਪੜਾ ਲੀੜਾ ਪਹਿਨਦੇ ਨੇ। ਇੱਕ ਦਿਨ ਮੈਂ ਵੇਖਿਆ ਕਿ ਘਰ ਦੇ ਬਾਹਰ ਦੋਵੇਂ ਬੱਚੇ ਕ੍ਰਿਕਟ ਖੇਡ ਰਹੇ ਹਨ ਤੇ ਬਾਕੀ ਲਿੱਬੜੇ-ਤਿੱਬੜੇ ਜਵਾਕ ਉਸੇ ਤਰ੍ਹਾਂ ਬਾਲਾਂ ਚੁੱਕ-ਚੁੱਕ ਕੇ ਫੜਾ ਰਹੇ ਨੇ ਜਿਵੇਂ ਕਦੇ ਮੈਂ ਫੜਾਉਂਦਾ ਸੀ। ਮੈਂ ਗੁੱਸੇ ਅਤੇ ਸ਼ਰਮਿੰਦਗੀ ਨਾਲ ਭਰਿਆ ਖੇਡ ਰਹੇ ਜਵਾਕਾਂ ਕੋਲ ਪਹੁੰਚਿਆ ਹੀ ਸੀ ਕਿ ਐਨੇ ਨੂੰ ਮੇਰੀ ਅਧਿਆਪਕਾ ਪਤਨੀ ਘਰੋਂ ਬਾਹਰ ਆ ਕੇ ਦੂਜੇ ਜਵਾਕਾਂ ਨੂੰ ਗੁੱਸੇ ਨਾਲ ਤਾੜਨ ਲੱਗੀ, 'ਆਪਣੇ ਘਰੇ ਨੀ ਖੇਡਿਆ ਜਾਂਦਾ ਤੁਹਾਡੇ ਤੋਂ, ਇਧਰ ਕੀ ਆ, ਥੋਡੇ ਘਰ ਦੇ ਨਹੀਂ ਕੁਝ ਕਹਿੰਦੇ ਤੁਹਾਨੂੰ, ਸਾਰਾ ਦਿਨ ਫਿਰੀ ਜਾਨੇ ਓ। ਘਰ ਦੇ ਤੁਹਾਡੇ ਦਿਹਾੜੀਆਂ ਹੀ ਕਰਦੇ ਹੋਣੇ, ਤੁਹਾਡਾ ਸਾਡਾ ਕੋਈ ਮੇਲ ਨਹੀਂ, ਚਲੋ, ਨਿਕਲੋ ਇਥੋਂ ਸਾਡੇ ਜਵਾਕਾਂ ਨਾਲ ਨਹੀਂ ਖੇਡਣਾ।'

ਮੈਂ ਬਹੁਤ ਦੁਬਿਧਾ ਵਿੱਚ ਫਸ ਗਿਆ। ਬੱਚਿਆਂ ਦੇ ਪੇਪਰ ਸ਼ੁਰੂ ਹੋਣ ਵਾਲੇ ਨੇ, ਉਨ੍ਹਾਂ ਨੂੰ ਅੰਦਰ ਬੁਲਾ ਲਵਾਂ ਜਾਂ ਉਨ੍ਹਾਂ ਮੈਲੇ ਕੱਪੜਿਆਂ ਵਾਲੇ ਜਵਾਕਾਂ ਨੂੰ ਵੀ ਬੱਲਾ ਫੜਾ ਕੇ ਖੇਡਣ ਦਾ ਮੌਕਾ ਦੇਵਾਂ ਜਾਂ ਉਨ੍ਹਾਂ ਨੂੰ ਭਜਾ ਦੇਵਾਂ। ਭਜਾਵਾਂਗਾ ਤਾਂ ਕੋਈ ਗਾਰੰਟੀ ਨਹੀਂ ਕਿ ਉਹ ਉਹੀ ਗੱਲ ਮਹਿਸੂਸ ਕਰ ਜਾਣ, ਜੋ ਬਚਪਨ ਵਿੱਚ ਮੈਂ ਕੀਤੀ ਅਤੇ ਅੱਜ ਆਪਣੇ ਪੈਰਾਂ 'ਤੇ ਖੜਾ ਹਾਂ। ਬੱਚਿਆਂ ਨੂੰ ਅੰਦਰ ਭੇਜ ਦਿੱਤਾ ਤਾਂ ਕੀ ਫਰਕ ਰਹਿ ਜਾਵੇਗਾ ਮੇਰੇ ਤੇ ਉਨ੍ਹਾਂ ਵੱਡੇ ਘਰਾਂ ਵਾਲਿਆਂ ਵਿੱਚ। ਮੈਂ ਗੁੱਸੇ ਨਾਲ ਭਰੀ ਪਤਨੀ ਨੂੰ ਕਿਹਾ ਕਿ ਉਹ ਅੰਦਰ ਜਾਵੇ, ਮੈਂ ਲੈ ਕੇ ਆਉਨਾਂ ਜਵਾਕਾਂ ਨੂੰ। ਘਰਵਾਲੀ ਮੂੰਹ ਵਿੱਚ ਬੁੜਬੁੜਾਉਂਦੀ ਅੰਦਰ ਚਲੀ ਗਈ। ਮੈਂ ਫੜਿਆ ਬੈਟ ਤੇ ਲੱਗ ਪਿਆ ਖੇਡਣ। ਦੋ ਟੀਮਾਂ ਬਣਾ ਲਈਆਂ, ਵਾਰੋ-ਵਾਰੀ ਸਭ ਨੇ ਬਾਲਿੰਗ ਅਤੇ ਬੱਲੇਬਾਜ਼ੀ ਕੀਤੀ। ਮੇਰੇ ਬੱਚਿਆਂ ਨੇ ਵੀ ਇੰਝ ਖੇਡਣ ਦਾ ਖੂਬ ਆਨੰਦ ਉਠਾਇਆ ਤੇ ਉਨ੍ਹਾਂ ਕਿਰਤੀਆਂ ਦੇ ਜਵਾਕਾਂ ਨੇ ਵੀ। ਅੱਜ ਮੈਨੂੰ ਇਹ ਜਵਾਕ ਕੁਝ ਸੰਤੁਸ਼ਟ ਜਿਹੇ ਲੱਗੇ। ਖੇਡਣ ਤੋਂ ਬਾਅਦ ਮੈਂ ਉਨ੍ਹਾਂ ਸਭ ਨੂੰ ਬੁਲਾਇਆ ਅਤੇ ਉਨ੍ਹਾਂ ਦੇ ਅਤੇ ਆਪਣੇ ਬੱਚਿਆਂ ਦੇ ਇਮਤਿਹਾਨਾਂ ਬਾਰੇ ਦੱਸ ਕੇ ਉਨ੍ਹਾਂ ਨੂੰ ਇਮਤਿਹਾਨਾਂ ਦੀ ਤਿਆਰੀ ਕਰਨ ਲਈ ਕਹਿ ਕੇ, ਇਮਤਿਹਾਨਾਂ ਤੋਂ ਬਾਅਦ ਫਿਰ ਖੇਡਣ ਦਾ ਵਾਅਦਾ ਕਰਦਿਆਂ ਉਨ੍ਹਾਂ ਨੂੰ ਆਪਣੇ-ਆਪਣੇ ਘਰ ਜਾਣ ਲਈ ਕਹਿ ਦਿੱਤਾ।

ਉਨ੍ਹਾਂ ਨੂੰ ਖੁਸ਼ੀ ਵਿੱਚ ਭੱਜੇ ਜਾਂਦੇ ਵੇਖ ਮੈਂ ਸੋਚ ਰਿਹਾ ਸੀ ਕਿ ਵਿਤਕਰਾ ਸਮਾਜ ਦੀਆਂ ਨਸਾਂ ਵਿੱਚ ਲਹੂ ਵਾਂਗ ਦੌੜ ਰਿਹਾ ਹੈ। ਉਸ ਸਮੇਂ ਵਿਤਕਰਾ ਜਾਤ ਦੇ ਨਾਂਅ 'ਤੇ ਹੋਇਆ ਅਤੇ ਅੱਜ ਜਮਾਤ ਦੇ ਨਾਂਅ 'ਤੇ ਹੋ ਰਿਹਾ ਸੀ। ਮੈਂ ਸੋਚ ਰਿਹਾ ਹਾਂ ਕਿ ਇੱਕ ਕੋਸ਼ ਲਿਖਾਂ ਜਿਸ ਵਿੱਚ ਜਾਤ, ਜਮਾਤ, ਵਿਤਕਰਾ, ਕੱਟੜਤਾ, ਊਚ-ਨੀਚ, ਕਮਜ਼ਾਤ, ਕਮੀਨ, ਸਾੜਾ ਵਰਗੇ ਹੋਰ ਸ਼ਬਦਾਂ ਨੂੰ ਖਤਮ ਕਰ ਕੇ ਮਿਹਨਤ, ਸੱਚਾਈ, ਬਰਾਬਰੀ ਅਤੇ ਆਤਮ ਵਿਸ਼ਵਾਸ ਜਿਹੇ ਸ਼ਬਦਾਂ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਿਤ ਕਰਾਂ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਵੋਡਾਫੋਨ ਨੇ ਇੰਟਰਨੈਸ਼ਨਲ ਕੋਰਟ ਵਿੱਚ ਭਾਰਤ ਸਰਕਾਰ ਖ਼ਿਲਾਫ਼ ਕੇਸ ਜਿੱਤਿਆ

ਮੁੰਬਈ, 27 ਸਤੰਬਰ (ਪੋਸਟ ਬਿਊਰੋ)- ਟੈਲੀਕਾਮ ਕੰਪਨੀ ਵੋਡਾਫੋਨ ਨੇ 20 ਹਜ਼ਾਰ ਕਰੋੜ ਰੁਪਏ ਦੇ ਟੈਕਸ ਵਿਵਾਦ ਦੇ ਮਾਮਲੇ ਵਿੱਚ ਭਾਰਤ ਸਰਕਾਰ ਨੂੰ ਹਰਾ ਕੇ ਕੇਸ ਜਿੱਤ ਲਿਆ ਹੈ।

ਇਸ ਬਾਰੇ ਕੰਪਨੀ ਨੇ ਕੱਲ੍ਹ ਦੱਸਿਆ ਕਿ ਉਸ ਨੂੰ ਸਿੰਗਾਪੁਰ ਦੀ ਇੱਕ ਇੰਟਰਨੈਸ਼ਨਲ ਕੋਰਟ ਵਿੱਚ 12 ਹਜ਼ਾਰ ਕਰੋੜ ਰੁਪਏ ਦੇ ਬਕਾਇਆ ਅਤੇ 7,900 ਕਰੋੜ ਰੁਪਏ ਦੇ ਜੁਰਮਾਨੇ ਦੇ ਮਾਮਲੇ ਵਿੱਚ ਭਾਰਤ ਸਰਕਾਰ ਦੇ ਖ਼ਿਲਾਫ਼ ਜਿੱਤ ਮਿਲੀ ਹੈ। ਵੋਡਾਫੋਨ ਲਈ ਇਹ ਬਹੁਤ ਰਾਹਤ ਦੀ ਗੱਲ ਹੈ, ਕਿਉਂਕਿ ਕੰਪਨੀ ਨੂੰ ਭਾਰਤ ਵਿੱਚ 53 ਹਜ਼ਾਰ ਕਰੋੜ ਰੁਪਏ ਏ ਜੀ ਆਰ ਦੇ ਤੌਰ ਉਤੇ ਅਗਲੇ 10 ਸਾਲ ਤੱਕ ਚੁਕਾਉਣੇ ਹਨ।ਇਸ ਫ਼ੈਸਲੇ ਤੋਂ ਬਾਅਦ ਬੰਬੇ ਸਟਾਕ ਐਕਸਚੇਂਜ (ਬੀ ਐਸ ਈ) ਵਿੱਚ ਵੋਡਾਫੋਨ ਕੰਪਨੀ ਦਾ ਸ਼ੇਅਰ 13.60 ਫੀਸਦੀ ਵਧ ਕੇ 10.36 ਰੁਪਏ 'ਤੇ ਬੰਦ ਹੋਇਆ। ਵੋਡਾਫੋਨ ਨੇ 2016 ਵਿੱਚ ਭਾਰਤ ਸਰਕਾਰ ਦੇ ਖ਼ਿਲਾਫ਼ ਸਿੰਗਾਪੁਰ ਦੇ ਇੰਟਰਨੈਸ਼ਨਲ ਆਰਬਿਟ੍ਰੇਸ਼ਨ ਸੈਂਟਰ ਯਾਨੀ ਅੰਤਰਰਾਸ਼ਟਰੀ ਵਿਚੋਲਗੀ ਕੇਂਦਰ ਦੇ ਕੋਲ ਪਟੀਸ਼ਨ ਦਾਖ਼ਲ ਕੀਤੀ ਸੀ।

ਇੰਟਰਨੈਸ਼ਨਲ ਕੋਰਟ ਨੇ ਕਿਹਾ ਕਿ ਭਾਰਤ ਦੇ ਟੈਕਸ ਵਿਭਾਗ ਨੇ ਜੋ ਵੀ ਦੇਣਦਾਰੀ, ਵਿਆਜ ਅਤੇ ਪੈਨਲਟੀ ਲਾਈ ਹੈ, ਉਹ ਭਾਰਤ ਤੇ ਨੀਦਰਲੈਂਡ ਵਿਚਾਲੇ ਹੋਈ ਇਨਵੈਸਟਮੈਂਟ ਟ੍ਰੀਟੀ ਦੇ ਨਿਯਮਾਂ, ਫੇਅਰ ਗਾਰੰਟੀ ਅਤੇ ਬਰਾਬਰੀ ਦੇ ਟ੍ਰੀਟਮੈਂਟ ਦੇ ਖ਼ਿਲਾਫ਼ ਹੈ। ਇਸ ਫੈਸਲੇ ਤੋਂ ਬਾਅਦ ਵੋਡਾਫੋਨ ਦੀ ਇਹ ਦੂਜੀ ਜਿੱਤ ਹੈ। ਇਸ ਤੋਂ ਪਹਿਲਾਂ 2012 ਵਿੱਚ ਇਸੇ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਵੀ ਇਸੇ ਤਰ੍ਹਾਂ ਦਾ ਫੈਸਲਾ ਦਿੱਤਾ ਸੀ।

ਫਾਰਮ ਵਿਚ ਕਾਮਿਆਂ ਦੀ ਲੋੜ
ਬਰੈਂਪਟਨ ਦੇ ਏਰੀਆ ਤੋਂ ਫਾਰਮ ਵਿਚ ਕੰਮ ਕਰਨ ਲਈ ਆਦਮੀਆਂ ਅਤੇ ਔਰਤਾਂ ਦੀ ਲੋੜ ਹੈ। ਇਸ ਤੋਂ ਇਲਾਵਾ ਫੈਕਟਰੀ ਵਿਚ ਪੈਕਿੰਗ ਕਰਨ ਲਈ ਕਾਮਿਆਂ ਦੀ ਵੀ ਲੋੜ ਹੈ। ਮੁਫ਼ਤ ਰਾਈਡ ਦਿੱਤੀ ਜਾਵੇਗੀ ਤੇ ਵਧੀਆ ਪੇਅ ਕੀਤਾ ਜਾਵੇਗਾ। ਹਫ਼ਤੇ ਦੇ ਛੇ ਦਿਨ ਕੰਮ ਮਿਲੇਗਾ।
ਸੰਪਰਕ: 647 765 4145

### ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ:

## ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੇ ਬੇਟੇ ਖ਼ਿਲਾਫ਼ ਇੰਸਪੈਕਸ਼ਨ ਐਪਲੀਕੇਸ਼ਨ 'ਤੇ ਰੋਕ ਲੱਗੀ

ਲੁਧਿਆਣਾ, 27 ਸਤੰਬਰ (ਪੋਸਟ ਬਿਊਰੋ)- ਏਥੋਂ ਦੀ ਇੱਕ ਅਦਾਲਤ ਵਿੱਚ ਪੰਜਾਬ ਦੇ ਮੁੱਖਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਦੇ ਖ਼ਿਲਾਫ਼ ਚੱਲਦੀ ਇਨਕਮ ਟੈਕਸ ਵਿਭਾਗ ਦੀ ਸ਼ਿਕਾਇਤ ਦੇ ਕੇਸ ਵਿੱਚ ਐਡੀਸ਼ਨਲ ਸੇਸ਼ਨ ਜੱਜ ਅਤੁਲ ਕਸਾਨਾ ਨੇ ਇੰਫੋਸਰਮੈਂਟ ਡਾਇਰੈਕਟੋਰੇਟ (ਈ ਡੀ) ਦੀ ਅਰਜ਼ੀ ਉਤੇ ਰੋਕ ਲਾ ਦਿੱਤੀ ਹੈ। ਇਸ ਦੇ ਨਾਲ ਈਡੀ ਨੂੰ ਇਸ ਕੇਸ ਵਿੱਚ ਆਪਣਾ ਪੱਖ ਰੱਖਣ ਦੇ ਲਈ ਇੱਕ ਅਕਤੂਬਰ ਨੂੰ ਕਿਹਾ ਹੈ।

ਵਰਨਣ ਯੋਗ ਹੈ ਕਿ ਚੀਫ ਜੁਡੀਸ਼ਲ ਮੈਜਿਸਟਰੇਟ ਪੀ ਐਸ ਕਲੇਖਾ ਦੀ ਕੋਰਟ ਵਿੱਚ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਦੇ ਖ਼ਿਲਾਫ਼ ਇਨਕਮ ਟੈਕਸ ਵਿਭਾਗ ਨੇ ਤਿੰਨ ਅਰਜ਼ੀਆਂਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਹੋਣ ਦੇ ਕੇਸ ਵਿੱਚ ਵੱਖ-ਵੱਖ ਧਾਰਾਵਾਂ ਹੇਠ ਪੇਸ ਕੀਤੀਆਂ ਹਨ। ਇਨ੍ਹਾਂ ਅਰਜ਼ੀਆਂ ਵਿੱਚ ਇਨਕਮ ਟੈਕਸ ਵਿਭਾਗ ਨੇ ਸਬੂਤ ਵਜੋਂ ਕੁਝ ਦਸਤਾਵੇਜ਼ ਵੀ ਲਾਏ ਸਨ, ਜਿਨ੍ਹਾਂ ਦੀ ਇੰਸਪੈਕਸ਼ਨ ਕਰਨ ਅਤੇ ਉਨ੍ਹਾਂ ਦੀ ਨਕਲਾਂ ਦੇਣ ਦੀ ਅਰਜ਼ੀ ਈਡੀ ਨੇ ਦਿੱਤੀ ਸੀ। ਡਿਊਟੀ ਮਜਿਸਟਰੇਟ ਜਸਬੀਰ ਸਿੰਘ ਨੇ 18 ਸਤੰਬਰ ਨੂੰ ਇਸ ਦੀ ਆਗਿਆ ਦੇ ਦਿੱਤੀ ਅਤੇ ਟਰਾਇਲ ਕੋਰਟ ਦੇ ਅਹਿਲਮਦ ਨੂੰ ਆਰਡਰ ਕੀਤਾ ਕਿ ਉਹ ਈਡੀ ਨੂੰ 28 ਸਤੰਬਰ ਨੂੰ ਆਪਣੇ ਰੂਮ ਵਿੱਚ ਆਪਣੀ ਨਿਗਰਾਨੀ ਹੇਠ ਫਾਈਲ ਇੰਸਪੈਕਸ਼ਨ ਕਰਨ ਦੇਣ। ਇਸ ਹੁਕਮ ਦੇ ਖ਼ਿਲਾਫ਼ ਰਣਇੰਦਰ ਸਿੰਘ ਨੇ ਆਪਣੇ ਵਕੀਲ ਰਾਹੀਂ ਇੱਕ ਰਿਵੀਜ਼ਨ ਪਟਿਸ਼ਨ ਪੇਸ਼ ਕੀਤੀ ਸੀ। ਸੁਣਵਾਈ ਦੌਰਾਨ ਰਣਇੰਦਰ ਸਿੰਘ ਦੇ ਵਕੀਲ ਨੇ ਕਿਹਾ ਕਿ ਲੋਅਰ ਕੋਰਟ ਨੇ ਜਿਹੜਾ ਫਾਈਲ ਇੰਸਪੈਕਸ਼ਨ ਦੇ ਆਰਡਰ ਕੀਤਾ ਹੈ, ਉਹ ਕਾਨੂੰਨਨ ਠੀਕ ਨਹੀਂ। ਜਿਹੜੇ ਕੇਸ ਇਨਕਮ ਟੈਕਸ ਵਿਭਾਗ ਨੇ ਉਨ੍ਹਾਂ ਦੇ ਖ਼ਿਲਾਫ਼ ਦਾਇਰ ਕੀਤੇ ਹਨ, ਉਨ੍ਹਾਂ ਵਿੱਚ ਈਡੀ ਪਾਰਟੀ ਨਹੀਂ ਅਤੇ ਈਡੀ ਦੀ ਅਰਜ਼ੀ ਮੰਜੂਰ ਕਰਦੇ ਸਮੇਂ ਉਨ੍ਹਾਂ ਨੂੰ (ਅਮਰਿੰਦਰ ਸਿੰਘ-ਰਣਇੰਦਰ) ਨੂੰ ਨੋਟਿਸ ਵੀ ਨਹੀਂ ਦਿੱਤਾ ਗਿਆ। ਇਸ ਦੇ ਬਾਅਦ ਹਾਈ ਕੋਰਟ ਦੇ ਜਸਟਿਸ ਅਤੁਲ ਕਸਾਨਾ ਨੇ ਹੇਠਲੀ ਕੋਰਟ ਦੇ ਆਰਡਰ 'ਤੇ ਰੋਕ ਲਾ ਦਿੱਤੀ ਹੈ।




## ਭਾਰਤ ਵੰਸ਼ੀ ਨੇ ਲਾਰ ਤੋਂ ਬਿਮਾਰੀਆਂ ਦੀ ਜਾਂਚ ਦੀ ਨਵੀ ਤਕਨੀਕ ਲੱਭੀ

ਹਯੂਸਟਨ, 27 ਸਤੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਇੱਕ ਭਾਰਤ ਮੂਲ ਦੇ ਖੋਜੀ ਸੌਰਭ ਮਹਿਤਾ ਨੇ ਮਨੁੱਖੀ ਲਾਰ ਤੋਂ ਬਿਮਾਰੀਆਂ ਦੀਆਂ ਜਾਂਚ ਕਰਕੇ ਦੀ ਨਵੀ ਤਕਨੀਕ ਖੋਜ ਕਰ ਕੇ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਦੀ ਅਗੁਵਾਈ ਵਾਲੀ ਰਿਸਰਚ ਟੀਮ ਨੇ ਇੱਕ ਲੱਖ ਡਾਲਰਦਾ ਇਨਾਮ ਜਿੱਤਿਆ ਹੈ।

ਪਤਾ ਲੱਗਾ ਹੈ ਕਿ ਇਸ ਟੀਮ ਨੇ ਲਾਰ ਦੇ ਨਾਲ ਇਨਫੈਕਟਿਡ ਬਿਮਾਰੀਆਂ ਦਾ ਪਤਾ ਲਾਉਣ ਲਈ ਮੋਬਾਈਲ ਫ਼ੋਨ ਵਾਲੀ ਇੱਕ ਜਾਂਚ ਵਿਕਸਿਤ ਕੀਤੀ ਹੈ। ਇਸ ਵਿਧੀ ਨਾਲ ਸਰੀਰ ਵਿੱਚ ਪੋਸ਼ਕ ਤੱਤਾਂ ਦੀ ਕਮੀ ਦਾ ਵੀ ਪਤਾ ਲੱਗ ਸਕਦਾ ਹੈ। ਸੌਰਭ ਮਹਿਤਾ ਦੇ ਅਗਵਾਈ ਵਾਲੀ ਇਸ ਰਿਸਰਚ ਟੀਮ ਨੂੰ ਨੈਸ਼ਨਲ ਇੰਸਟੀਚਿਊਟ ਆਫ ਹੈਲਥ ਦੇ ਟੈਕਨਾਲੋਜੀ ਐਕਸੇਲਰੇਟਰ ਚੈਲੇਂਜ ਪ੍ਰਾਈਜ ਨਾਲ ਦਿੱਤਾ ਗਿਆ ਹੈ। ਇਹ ਪੁਰਸਕਾਰ ਮਨੁੱਖੀ ਸਿਹਤ ਦੇ ਲਈ ਬਗੈਰ ਕਿਸੇ ਚੀਰ-ਫਾੜ ਵਾਲੀ ਨਵੀਂ ਜਾਂਚ ਦੇ ਵਿਕਾਸ ਨੂੰ ਉਤਸ਼ਾਹ ਦੇਣ ਲਈ ਦਿੱਤਾ ਜਾਂਦਾ ਹੈ। ਮਹਿਤਾ ਦੇ ਅਨੁਸਾਰ, 'ਇਸ ਵਿਧੀ ਵਿੱਚ ਲਾਰ ਬਾਉਮਾਰਕਰ ਦਾ ਇਸਤੇਮਾਲ ਕੀਤਾ ਗਿਆ ਹੈ। ਇਸ ਨਾਲ ਮਲੇਰੀਆ ਵਰਗੀਆਂ ਬਿਮਾਰੀਆਂ ਤੇ ਆਇਰਨ ਦੀ ਕਮੀ ਦਾ ਪਤਾ ਲਾਉਣ ਦੇ ਤੌਰ-ਤਰੀਕਿਆਂ ਵਿੱਚ ਵੱਡਾ ਬਦਲਾਅ ਆ ਸਕਦਾ ਹੈ। ਇਸ ਤਰ੍ਹਾਂ ਨਾ ਸਿਰਫ ਜਲਦੀ, ਬਲਕਿ ਸਟੀਕ ਨਤੀਜਾ ਵੀ ਮਿਲ ਸਕਦਾ ਹੈ।" ਸੌਰਭ ਮਹਿਤਾ ਕਾਲਜ ਆਫ ਹਯੂਮਨ ਇਕਾਲੋਜੀ ਵਿੱਚ ਐਸੋਈਏਟ ਪ੍ਰੋਫੈਸਰ ਹੈ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ




ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

Visions of Punjab


Natasha Mahal
Co-Host
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Iqbal Mahal
Producer & Host
Serving the South Asian Community Since 1976

GREAT OPPOURTUNITY TO INVEST IN NIAGRA FALLS

- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
Deposit Structure: 40k — $10,000 Submitted with offer; $10,000 Submitted 90 days after Offer Date; $20,000 Submitted 150 days after Offer Date
Jagdish Grewal
Sales Representative

Residential | Commercial | Investment
(416) 970-5005
Century 21 President Realty Inc. Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005

AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO

CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਸਮੁੱਚੇ ਪੰਜਾਬੀਆਂ ਦਾ ਮੋਰਚਾ ਬਣ ਗਿਆ ਕਿਸਾਨੀ ਜਥੇਬੰਦੀਆਂ ਦਾ 'ਪੰਜਾਬ ਬੰਦ'





ਜਤਿੰਦਰ ਪੰਨੂ

ਇਸ ਹਫਤੇ 25 ਸਤੰਬਰ ਦੇ ਦਿਨ, ਜਦੋਂ ਕੇਂਦਰ ਸਰਕਾਰ ਦੇ ਖੇਤੀਬਾੜੀ ਬਿੱਲਾਂ ਖਿਲਾਫ ਪੂਰਾ ਪੰਜਾਬ ਬੰਦ ਕੀਤਾ ਹੋਇਆ ਸੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰ ਦੇ ਕੁਝ ਮੰਤਰੀ ਇਹ ਕਹਿ ਰਹੇ ਸਨ ਕਿ ਖੇਤੀਬਾੜੀ ਬਿੱਲਾਂ ਨਾਲ ਕਿਸਾਨਾਂ ਦੀ ਹਾਲਤ ਤਾਂ ਬੜੀ ਸੁਧਰ ਜਾਣੀ ਹੈ, ਪਰ ਉਨ੍ਹਾਂ ਨੂੰ ਇਸ ਦੀ ਸਮਝ ਨਹੀਂ ਆ ਰਹੀ। ਮੋਦੀ ਨੇ ਭਾਜਪਾ ਆਗੂਆਂ ਅਤੇ ਵਰਕਰਾਂ ਨੂੰ ਲੋਕਾਂ ਵਿੱਚ ਜਾਣ ਅਤੇ ਉਨ੍ਹਾਂ ਨੂੰ ਇਨ੍ਹਾਂ ਬਿੱਲਾਂ ਦੇ ਫਾਇਦੇ ਸਮਝਾਉਣ ਲਈ ਕਿਹਾ ਸੀ। ਸ਼ਾਇਦ ਕਿਸਾਨ ਏਨੇ ਹੀ ਭੋਲੇ ਸਮਝੇ ਜਾ ਰਹੇ ਹਨ ਕਿ ਉਹ ਆਪਣਾ ਭਲਾ-ਬੁਰਾ ਨਹੀਂ ਸੋਚ ਸਕਦੇ, ਇਸ ਲਈ ਪ੍ਰਧਾਨ ਮੰਤਰੀ ਨੂੰ ਆਪਣੇ ਪਾਰਟੀ ਵਰਕਰਾਂ ਤੇ ਆਗੂਆਂ ਨੂੰ ਮੈਦਾਨ ਵਿੱਚ ਨਿਕਲਣ ਲਈ ਕਹਿਣਾ ਪਿਆ ਹੈ, ਪਰ ਜਿਹੜੇ ਵਰਕਰ ਪਿੰਡਾਂ ਵਿੱਚ ਜਾਣ ਲਈ ਵੰਗਾਰੇ ਗਏ ਹਨ, ਉਨ੍ਹਾਂ ਲਈ ਇਹ ਕੰਮ ਸੌਖਾ ਨਹੀਂ ਹੋਣਾ। ਕਿਸਾਨਾਂ ਨੇ ਪੰਜਾਬ ਅਤੇ ਹਰਿਆਣੇ ਵਿੱਚ ਇਹ ਸੱਦੇ ਦੇਣੇ ਸ਼ੁਰੂ ਕਰ ਦਿੱਤੇ ਹਨ ਕਿ ਭਾਜਪਾ ਵਾਲਿਆਂ ਨੂੰ ਪਿੰਡਾਂ ਵਿੱਚ ਨਾ ਵੜਨ ਦਿੱਤਾ ਜਾਵੇ। ਅਸਲ ਵਿੱਚ ਕਿਸਾਨ ਵੀ ਆਪਣਾ ਭਲਾ-ਬੁਰਾ ਸਮਝਦੇ ਹਨ ਅਤੇ ਪ੍ਰਧਾਨ ਮੰਤਰੀ ਵੀ ਸਾਰੇ ਹਾਲਾਤ ਨੂੰ ਚੰਗੀ ਤਰ੍ਹਾਂ ਸਮਝਦੇ ਹੋਏ ਆਪਣੀ ਨੀਤੀ ਲਾਗੂ ਕਰਨ ਲਈ ਭਾਜਪਾ ਵਰਕਰਾਂ ਨੂੰ ਕਿਸਾਨਾਂ ਨਾਲ ਟਕਰਾਅ ਦੇ ਰਾਹ ਪਾਉਣ ਤੱਕ ਚਲੇ ਗਏ ਹਨ।

ਮਾਮਲਾ ਤਾਂ ਖੇਤੀਬਾੜੀ ਬਾਰੇ ਪੇਸ਼ ਅਤੇ ਪਾਸ ਕੀਤੇ ਗਏ ਤਿੰਨ ਬਿੱਲਾਂ ਦਾ ਸੀ, ਜਿਸ ਤੋਂ ਕਿਸਾਨ ਭੜਕ ਪਏ ਸਨ ਤੇ ਸਿਰਫ ਕਿਸਾਨ ਨਹੀਂ ਭੜਕੇ, ਮੰਡੀਆਂ ਦੇ ਆੜ੍ਹਤੀਏ ਅਤੇ ਕੱਚੀ-ਪੱਕੀ ਹਰ ਤਰ੍ਹਾਂ ਦੀ ਲੇਬਰ ਵਾਲੇ ਮਜ਼ਦੂਰ ਵੀ ਢਿੱਡ ਉੱਤੇ ਲੱਤ ਵੱਜੀ ਮਹਿਸੂਸ ਕਰਦੇ ਹਨ। ਸਰਕਾਰ ਕਹਿੰਦੀ ਹੈ ਕਿ ਮੰਡੀਆਂ ਤੋਂ ਬਾਹਰ ਖੇਤਾਂ ਅਤੇ ਘਰਾਂ ਵਿੱਚੋਂ ਵੀ ਕਿਸਾਨਾਂ ਕੋਲੋਂ ਕੋਈ ਕੰਪਨੀ ਫਸਲ ਖਰੀਦੇਗੀ ਤਾਂ ਚੰਗਾ ਹੈ, ਉਨ੍ਹਾਂ ਨੂੰ ਮੰਡੀ ਵਿੱਚ ਨਹੀਂ ਜਾਣਾ ਪਵੇਗਾ। ਇਹ ਸੁਹਾਵਣਾ ਸੁਫਨਾ ਹੈ ਤੇ ਇਸ ਦੇ ਪਿੱਛੇ ਅੱਜ ਤੱਕ ਚੱਲ ਰਿਹਾ ਘੱਟੋ-ਘੱਟ ਖਰੀਦ ਕੀਮਤ ਦਾ ਸਿਸਟਮ ਖਤਮ ਕਰਨ ਦੀ ਨੀਤੀ ਹੈ। ਆਪਣੇ ਖੇਤ ਵਿੱਚ ਇਕੱਲੇ ਕਿਸਾਨ ਕੋਲ ਜਦੋਂ ਖਰੀਦਦਾਰ ਕੰਪਨੀ ਆਈ ਤਾਂ ਉਹ ਹਰ ਖੇਤ ਵਿੱਚ ਮੌਕੇ ਮੁਤਾਬਕ ਮੁੱਲ ਦੱਸ ਕੇ ਲੱਗਦੇ ਦਾਅ ਮੁਤਾਬਕ ਖਰੀਦ ਕਰੇਗੀ ਤੇ ਕਿਸਾਨ ਨੂੰ ਨਾਲ ਦੀ ਵੱਟ ਵਾਲੇ ਕਿਸਾਨ ਨੂੰ ਮਿਲੇ ਭਾਅ ਦਾ ਵੀ ਪਤਾ ਨਹੀਂ ਲੱਗੇਗਾ ਤੇ ਦੋਵਾਂ ਨੂੰ ਇੱਕ ਦੂਸਰੇ ਤੋਂ ਵੱਧ ਭਾਅ ਦਾ ਝਾਂਸਾ ਦੇ ਕੇ ਕੁੰਡੀ ਲਾਈ ਜਾਵੇਗੀ। ਮੰਡੀ ਵਿੱਚ ਪਈ ਫਸਲ ਦਾ ਭਾਅ ਸਾਰਿਆਂ ਲਈ ਇੱਕੋ ਪੱਧਰ ਦਾ ਜਾਂ ਇੱਕੋ ਪੱਧਰ ਦੇ ਨੇੜੇ-ਤੇੜੇ ਦਾ ਹੁੰਦਾ ਹੈ, ਬਹੁਤਾ ਫਰਕ ਨਹੀਂ ਪੈ ਸਕਦਾ। ਦੂਸਰੀ ਗੱਲ ਇਹ ਵੀ ਹੈ ਕਿ ਮੰਡੀ ਵਿੱਚੋਂ ਖਰੀਦੀ ਫਸਲ ਦਾ ਜਾਇਜ਼ ਭਾਅ ਨਾ ਮਿਲੇ ਤਾਂ ਕਿਸਾਨ ਸਮੂਹਕ ਤੌਰ ਉੱਤੇ ਸੰਘਰਸ਼ ਸ਼ੁਰੂ ਕਰ ਸਕਦੇ ਹਨ, ਪਰ ਖੇਤ ਵਿੱਚ ਬੈਠ ਕੇ ਇਕੱਲੇ ਕਿਸਾਨ ਤੋਂ ਚੁੱਪ-ਚੁਪੀਤੇ ਖਰੀਦੀ ਫਸਲ ਲਈ ਕੰਪਨੀ ਬਾਅਦ ਵਿੱਚ ਕੀਤੇ ਗਏ ਮੁੱਲ ਤੋ ਘੱਟ ਕਹਿਣ ਲੱਗ ਪਵੇ ਤਾਂ ਉਸ ਨੂੰ ਝੂਠਾ ਕਹਿਣ ਵਾਲਾ ਕੋਈ ਤੀਸਰਾ ਓਥੇ ਨਹੀਂ ਹੋਵੇਗਾ। ਤੀਸਰਾ ਇਹ ਕਿ ਇਸ ਤਰ੍ਹਾਂ ਇੱਕ ਸਾਲ ਫਸਲ ਦਾ ਭਾਅ ਚੜ੍ਹਾ ਕੇ ਦੂਸਰੇ-ਤੀਸਰੇ ਸਾਲ ਅਚਾਨਕ ਡੇਗ ਕੇ ਕਿਸਾਨ ਰਗੜ ਦਿੱਤੇ ਤਾਂ ਉਸ ਮੌਕੇ ਸਰਕਾਰ ਵੀ ਕਿਸਾਨਾਂ ਨੂੰ ਬਚਾਅ ਨਹੀਂ ਸਕੇਗੀ, ਤੇ ਸ਼ਾਇਦ ਸਰਕਾਰ ਏਸੇ ਜ਼ਿਮੇਵਾਰੀ ਤੋਂ ਬਚਣਾ ਚਾਹੁੰਦੀ ਹੈ।

ਬਹੁਤੇ ਲੋਕ ਇਹ ਗੱਲ ਨਹੀਂ ਜਾਣਦੇ ਕਿ 'ਪਿੰਡ ਬੱਝਾ ਨਹੀਂ ਅਤੇ ਉਚੱਕੇ ਪਹਿਲਾਂ ਆ ਪਹੁੰਚੇ' ਦੇ ਮੁਹਾਵਰੇ ਵਾਂਗ ਕੇਂਦਰ ਸਰਕਾਰ ਦੇ ਤਿੰਨ ਬਿੱਲ ਪਾਸ ਹੋਣ ਤੋਂ ਵੀ ਪਹਿਲਾਂ ਇੱਕ ਗੁਜਰਾਤੀ ਅਰਬਪਤੀ, ਜਿਹੜਾ ਕੇਂਦਰ ਸਰਕਾਰ ਦੇ ਨਾਲ ਬਹੁਤ ਨੇੜ ਰੱਖਦਾ ਹੈ, ਨੇ ਪੰਜਾਬ ਵਿੱਚ ਜ਼ਮੀਨ ਖਰੀਦ ਕੇ ਗੋਦਾਮ ਬਣਾਉਣੇ ਵੀ ਸ਼ੁਰੂ ਕਰ ਦਿੱਤੇ ਹਨ। ਜਦੋਂ ਬਿੱਲ ਹਾਲੇ ਪਾਸ ਵੀ ਨਹੀਂ ਸੀ ਹੋਏ, ਉਸ ਨੂੰ ਏਨੀ ਗਾਰੰਟੀ ਪਹਿਲਾਂ ਹੀ ਮਿਲ ਗਈ ਕਿ ਵਿਰੋਧ ਦੀ ਕੋਈ ਪ੍ਰਵਾਹ ਨਹੀਂ, ਤੇਰੇ ਮੁਨਾਫੇ ਲਈ ਪੱਕਾ ਪ੍ਰਬੰਧ ਅਸੀਂ ਕਰ ਕੇ ਰਹਿਣਾ ਹੈ। ਗੋਦਾਮ ਉਹੋ ਪੂੰਜੀਪਤੀ ਬਣਾ ਰਿਹਾ ਹੈ, ਜਿਹੜਾ ਆਸਟਰੇਲੀਆ ਤੱਕ ਖਾਣਾਂ ਖੋਦਣ ਦੇ ਪ੍ਰਾਜੈਕਟਾਂ ਕਾਰਨ ਓਥੋਂ ਦੇ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰ ਰਿਹਾ ਹੈ, ਪਰ ਪੰਜਾਬ ਵਿਚਲੇ ਉਸ ਦੇ ਗੋਦਾਮਾਂ ਦੀ ਗਾਰੰਟੀ ਭਾਰਤ ਸਰਕਾਰ ਦੀ ਉਹੋ ਏਜੰਸੀ ਦੇਂਦੀ ਪਈ ਹੈ, ਜਿਹੜੀ ਅੱਜ ਤੱਕ ਕਿਸਾਨੀ ਫਸਲ ਖਰੀਦ ਕਰਨ ਦੇ ਲਈ ਮੰਡੀਆਂ ਵਿੱਚ ਆਉਂਦੀ ਹੁੰਦੀ ਸੀ। ਸਾਫ ਹੈ ਕਿ ਸਭ ਕੁਝ ਗਿਣ-ਮਿਥ ਕੇ ਹੋ ਰਿਹਾ ਹੈ। ਪਤਾ ਤਾਂ ਇਹ ਵੀ ਲੱਗਦਾ ਪਿਆ ਹੈ ਕਿ ਪੰਜਾਬ ਵਿੱਚ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੇ ਗੋਦਾਮ ਇਸ ਇੱਕੋ ਅਮੀਰ ਦੇ ਹਵਾਲੇ ਕੀਤੇ ਜਾਣ ਲੱਗੇ ਹਨ ਤੇ ਓਥੇ ਫਸਲ ਲੱਗੇ ਜਾਂ ਨਾ ਲੱਗੇ, ਉਨ੍ਹਾਂ ਦੇ ਖਾਲੀ ਹੋਣ ਦੇ ਸਮੇਂ ਦਾ ਉਨ੍ਹਾਂ ਦਾ ਕਿਰਾਇਆ ਵੀ ਭਾਰਤ ਸਰਕਾਰ ਦੀ ਇਹੋ ਖੁਰਾਕ ਕਾਰਪੋਰੇਸ਼ਨ ਦੇਂਦੀ ਰਿਹਾ ਕਰੇਗੀ। ਗੋਦਾਮ ਵੀ ਸਰਕਾਰ ਦੇ, ਕਿਰਾਇਆ ਵੀ ਸਰਕਾਰ ਦੇਵੇਗੀ ਅਤੇ ਸੇਠ ਸਿਰਫ ਨੋਟ ਗਿਣਿਆ ਕਰੇਗਾ ਜਾਂ ਭੋਲੇ-ਭਾਲੇ ਕਿਸਾਨਾਂ ਦੀ ਹਜਾਮਤ ਕਰਨ ਦੇ ਨਵੇਂ ਢੰਗ ਲੱਭਿਆ ਕਰੇਗਾ।


ਲੋਕ ਤਾਂ ਅਜੇ ਤੱਕ ਇਹ ਗੱਲ ਵੀ ਨਹੀਂ ਸਮਝ ਸਕੇ ਕਿ ਖੇਤੀਬਾੜੀ ਬਿੱਲਾਂ ਦੇ ਨਾਲ ਹੀ ਜ਼ਰੂਰੀ ਚੀਜ਼ਾਂ ਦਾ ਜਿਹੜਾ ਕਾਨੂੰਨ ਬਦਲਿਆ ਗਿਆ ਹੈ, ਉਸ ਦੇ ਨਾਲ ਕਿਸਾਨ ਦਾ ਰਗੜਾ ਕੱਢਦੇ ਸਮੇਂ ਹੀ ਖਪਤਕਾਰ ਦੀ ਛਿੱਲ ਲਾਹੁਣ ਦਾ ਪ੍ਰਬੰਧ ਵੀ ਸਰਕਾਰ ਨੇ ਕਰ ਦਿੱਤਾ ਹੈ। ਅਸੀਂ ਐਮਰਜੈਂਸੀ ਲੱਗਣ ਤੋਂ ਪਹਿਲਾਂ ਭਾਰਤ ਵਿੱਚ ਕਈ ਥਾਂ ਜ਼ਖੀਰੇ ਕਢਵਾਊ ਮੁਹਿੰਮ ਚੱਲਦੀ ਵੇਖੀ ਸੀ। ਸਾਢੇ ਚਾਰ ਦਹਾਕੇ ਪਹਿਲਾਂ ਦੀ ਉਸ ਮੁਹਿੰਮ ਵਿੱਚ ਲੋਕਾਂ ਦੀਆਂ ਭੀੜਾਂ ਉਨ੍ਹਾਂ ਗੋਦਾਮਾਂ ਵੱਲ ਨੂੰ ਭੱਜੀਆਂ ਜਾਂਦੀਆਂ ਸਨ, ਜਿੱਥੇ ਉਹ ਚੀਜ਼ਾਂ ਲੁਕਾਈਆਂ ਹੁੰਦੀਆਂ ਸਨ, ਜਿਹੜੀਆਂ ਬਾਜ਼ਾਰ ਵਿੱਚ ਨਾ ਮਿਲਣ ਕਾਰਨ ਮਹਿੰਗੇ ਭਾਅ ਵਿਕ ਰਹੀਆਂ ਹੁੰਦੀਆਂ ਸਨ। ਲੋਕ ਜਾਂਦੇ ਤੇ ਲੁਕਾ ਕੇ ਰੱਖੇ ਗਏ ਅਨਾਜ ਅਤੇ ਹੋਰ ਵਸਤਾਂ ਦੇ ਭੰਡਾਰ ਜਦੋਂ ਲੱਭ ਲੈਂਦੇ ਸਨ ਤਾਂ ਸਰਕਾਰੀ ਮਸ਼ੀਨਰੀ ਪਹੁੰਚ ਜਾਂਦੀ ਸੀ, ਜਿਹੜੀ ਓਦਾਂ ਅੱਖ ਮਿਲੀ ਹੋਣ ਕਰ ਕੇ ਕਾਰਵਾਈ ਕਰਨੋਂ ਪਾਸਾ ਵੱਟੀ ਰੱਖਦੀ ਸੀ। ਇਹ ਕਾਰਵਾਈ ਸਿਰਫ ਉਨ੍ਹਾਂ ਚੀਜ਼ਾਂ ਦੇ ਗੋਦਾਮਾਂ ਵਿਰੁੱਧ ਹੁੰਦੀ ਸੀ, ਜਿਹੜੀਆਂ ਜ਼ਰੂਰੀ ਵਸਤਾਂ ਗਿਣੀਆਂ ਜਾਂਦੀਆਂ ਸਨ ਤੇ ਕਾਨੂੰਨ ਅਨੁਸਾਰ ਉਨ੍ਹਾਂ ਦੀ ਜ਼ਖੀਰੇਬਾਜ਼ੀ ਨਹੀਂ ਸੀ ਹੋ ਸਕਦੀ। ਖੇਤੀਬਾੜੀ ਬਿੱਲਾਂ ਨਾਲ ਜਦੋਂ ਨਿੱਤ ਵਰਤੋਂ ਦੀਆਂ ਪਿਆਜ਼ ਵਰਗੀਆਂ ਚੀਜ਼ਾਂ ਵੀ ਜ਼ਰੂਰੀ ਵਸਤਾਂ ਦੇ ਖਾਤੇ ਤੋਂ ਕੱਢੀਆਂ ਗਈਆਂ ਹਨ ਤਾਂ ਬਲੈਕੀਏ ਵਪਾਰੀਆਂ ਨੂੰ ਇਨ੍ਹਾਂ ਦਾ ਭੰਡਾਰ ਕਰਨ ਤੇ ਮੰਡੀਆਂ ਵਿੱਚ ਨਕਲੀ ਥੁੜ ਵਿਖਾ ਕੇ ਲੋਕਾਂ ਨੂੰ ਲੁੱਟਣ ਲਈ ਰਾਹ ਖੋਲ੍ਹ ਦਿੱਤਾ ਗਿਆ ਹੈ, ਨਾਲ ਏਨੀ ਕੁ ਗੱਲ ਜ਼ਰੂਰ ਲਿਖ ਦਿੱਤੀ ਹੈ ਕਿ ਜੰਗ ਜਾਂ ਕੁਦਰਤੀ ਮੁਸੀਬਤ ਦੇ ਵਕਤ ਭੰਡਾਰ ਨਹੀਂ ਕਰਨ ਦਿੱਤੇ ਜਾਣਗੇ।

ਕਿਸਾਨਾਂ ਦੀ ਬਦਕਿਸਮਤੀ ਹੈ ਕਿ ਕੇਂਦਰ ਸਰਕਾਰ ਦੀ ਸੇਠਾਂ ਨੂੰ ਪਾਲਣ ਤੇ ਕਿਸਾਨਾਂ ਦਾ ਭਵਿੱਖ ਹਨੇਰਾ ਕਰ ਦੇਣ ਦੀ ਇਸ ਨੀਤੀ ਦਾ ਕੁਝ ਸਿਆਸੀ ਆਗੂ ਕਦੀ ਸਿੱਧਾ ਅਤੇ ਕਦੀ ਲੁਕਵਾਂ ਸਾਥ ਦੇਂਦੇ ਹਨ ਅਤੇ ਕਦੀ-ਕਦੀ ਵਿਖਾਵੇ ਲਈ ਫਾਸਲਾ ਪਾਉਣ ਦਾ ਨਾਟਕ ਕਰਦੇ ਹਨ। ਇਹੋ ਕਾਰਨ ਹੈ ਕਿ ਇਸ ਵਾਰੀ ਕਿਸਾਨਾਂ ਨੇ ਆਪਣੇ ਪੰਜਾਬ ਬੰਦ ਦੌਰਾਨ ਕਿਸੇ ਵੀ ਰਾਜਸੀ ਧਿਰ ਦੇ ਕਿਸੇ ਆਗੂ ਨੂੰ ਆਪਣੇ ਪ੍ਰੋਗਰਾਮਾਂ ਉੱਤੇ ਭਾਰੂ ਨਹੀਂ ਹੋਣ ਦਿੱਤਾ ਤੇ ਆਪਣੇ ਹੱਕਾਂ ਦੀ ਲੜਾਈ ਆਪਣੇ ਸਿਰ ਲੜਨ ਦਾ ਇਰਾਦਾ ਅਮਲ ਵਿੱਚ ਵਿਖਾਇਆ ਹੈ। ਚੰਗੀ ਗੱਲ ਇਹ ਹੋਈ ਕਿ ਇਸ ਵਾਰ ਪੰਜਾਬ ਦੇ ਆਮ ਲੋਕ ਇਸ ਹੱਕਾਂ ਦੀ ਜੰਗ ਵਿੱਚ ਕਿਸਾਨਾਂ ਦੇ ਨਾਲ ਖੜੋਤੇ ਦਿਖਾਈ ਦਿੱਤੇ ਹਨ। ਮੰਡੀਆਂ ਦੇ ਆੜ੍ਹਤੀ ਕਦੀ ਕਿਸਾਨਾਂ ਦੇ ਨਾਲ ਨਹੀਂ ਸੀ ਤੁਰੇ, ਭਾਵੇਂ ਆਪਣੇ ਕਾਰੋਬਾਰ ਨੂੰ ਤਾਲਾ ਲੱਗਦਾ ਵੇਖ ਕੇ ਹੀ ਆਏ, ਪਰ ਕਿਸਾਨਾਂ ਦੇ ਨਾਲ ਆਏ ਹਨ ਅਤੇ ਮੰਡੀ ਵਿਚਲੇ ਮਜ਼ਦੂਰ ਵੀ ਉਨ੍ਹਾਂ ਨਾਲ ਆ ਖੜੋਤੇ ਹਨ। ਸ਼ਹਿਰਾਂ ਵਿੱਚ ਕਿਸੇ ਕਿਸਾਨ ਨੇ ਨਾ ਜਲੂਸ ਕੱਢਿਆ ਅਤੇ ਨਾ ਬੰਦ ਕਰਾਉਣ ਦਾ ਕਿਸੇ ਤਰ੍ਹਾਂ ਦਾ ਹੋਕਾ ਦਿੱਤਾ, ਪਰ ਹਰ ਸ਼ਹਿਰ ਤੇ ਹਰ ਕਸਬੇ ਵਿੱਚ ਵੱਡੇ ਕਾਰੋਬਾਰੀਆਂ ਤੋਂ ਲੈ ਕੇ ਛੋਟੇ ਦੁਕਾਨਦਾਰਾਂ ਤੱਕ ਸਭ ਨੇ ਇਸ ਬੰਦ ਦਾ ਸਾਥ ਦਿੱਤਾ ਹੈ। ਸਾਡੀ ਉਮਰ ਦੇ ਲੋਕ ਕਹਿੰਦੇ ਹਨ ਕਿ ਬੰਗਲਾ ਦੇਸ਼ ਦੀ ਜੰਗ ਤੋਂ ਦੋ ਸਾਲ ਬਾਅਦ ਏਦਾਂ ਦਾ ਇੱਕ ਬੰਦ ਵੇਖਿਆ ਸੀ, ਜਿਸ ਵਿੱਚ ਹਰ ਕਿਸੇ ਵਰਗ ਦੇ ਲੋਕ ਸ਼ਾਮਲ ਹੋਏ ਹਨ। ਇਸ ਵਾਰੀ ਦਾ ਬੰਦ ਕਿਸਾਨਾਂ ਦੇ ਭਾਈਚਾਰੇ ਤੱਕ ਸੀਮਤ ਨਹੀਂ ਰਿਹਾ, ਸਮੁੱਚੇ ਪੰਜਾਬੀਆਂ ਦਾ ਮੋਰਚਾ ਬਣ ਗਿਆ ਸੀ ਅਤੇ ਇਸ ਤੋਂ ਆਸ ਬੱਝੀ ਹੈ ਕਿ ਜੇ ਪੰਜਾਬ ਦੇ ਲੋਕ ਏਸੇ ਤਰ੍ਹਾਂ ਏਕੇ ਦੀ ਡੋਰ ਵਿੱਚ ਪਰੋਏ ਜਾ ਸਕਣ, ਰਾਜਨੀਤਕ ਚੁਸਤੀਆਂ ਕਰਨ ਵਾਲਿਆਂ ਤੋਂ ਲਹਿਰ ਬਚਾਈ ਜਾ ਸਕੇ ਤਾਂ ਇਹ ਲਹਿਰ ਉਹ ਜਲਵਾ ਵੀ ਵਿਖਾ ਸਕਦੀ ਹੈ, ਜਿਹੜਾ ਕਦੀ ਕਿਸੇ ਨੇ ਸੋਚਿਆ ਨਹੀਂ ਹੋਣਾ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


# ਕਾਰਪੋਰੇਟਸ ਦੇ ਹੱਥ ਖੇਤੀ ਦੇਣ ਕਾਰਨ ਬੇਰੋਜ਼ਗਾਰੀ ਅਤੇ ਭੁੱਖਮਰੀ ਦੇ ਰਿਕਾਰਡ ਟੁੱਟ ਜਾਣਗੇ

-ਡਾ. ਰੁਪਿੰਦਰ ਕੌਰ -



ਹਰ ਇੱਕ ਇਨਸਾਨ ਕਿਸੇ ਨਾ ਕਿਸੇ ਚੀਜ਼ ਲਈ ਇੱਕ-ਦੂਜੇ 'ਤੇ ਨਿਰਭਰ ਕਰਦਾ ਹੈ ਪਰ ਕਿਸਾਨ ਇੱਕ ਅਜਿਹਾ ਇਨਸਾਨ ਹੈ ਜਿਸ ਉਤੇ ਅਸੀਂ ਸਾਰੇ ਨਿਰਭਰ ਕਰਦੇ ਹਾਂ ਕਿਉਂਕਿ ਸਾਡੀਆਂ ਮੁੱਢਲੀਆਂ ਲੋੜਾਂ ਰੋਟੀ, ਕੱਪੜਾ ਅਤੇ ਮਕਾਨ ਵਿੱਚੋਂ ਦੋ ਲੋੜਾਂ ਨੂੰ ਇਹ ਅੰਨਦ-ਾਤਾ ਪੂਰਾ ਕਰਦਾ ਹੈ, ਇਸ ਲਈ ਕਿਸਾਨ ਨੂੰ ਪੂਜਿਆ ਵੀ ਜਾਵੇ ਤਾਂ ਘੱਟ ਨਹੀਂ ਹੋਵੇਗਾ। ਵੰਨ-ਸੁਵੰਨਾ ਖਾਣਾ ਸਾਨੂੰ ਕਿਸਾਨ ਹੀ ਮਿੱਟੀ ਨਾਲ ਮਿੱਟੀ ਹੋ ਕੇ ਪੈਦਾ ਕਰ ਕੇ ਦਿੰਦਾ ਹੈ।

ਪਹਿਲਾਂ-ਪਹਿਲ ਖੇਤੀ ਲਈ ਬਹੁਤ ਜਦੋ-ਜਹਿਦ ਕਰਨੀ ਪੈਂਦੀ ਸੀ, ਕਿਉਂਕਿ ਓਦੋਂ ਖੇਤੀ ਦੇ ਸੰਦ ਨਾਮਾਤਰ ਸਨ ਅਤੇ ਬੀਜਾਂ ਦੀ ਗੁਣਵੱਤਾ ਜ਼ਿਆਦਾ ਵਧੀਆ ਨਹੀਂ ਸੀ, ਪਰ ਹੌਲੀ-ਹੌਲੀ ਵਿਗਿਆਨੀ ਦੀ ਤਰੱਕੀ ਤੇ ਸਰਕਾਰਾਂ ਦੀ ਮਦਦ ਨਾਲ ਹਰੀ ਕ੍ਰਾਂਤੀ ਦੇ 1966 'ਚ ਆਉਣ ਤੋਂ ਬਾਅਦ ਕੁਝ ਹਾਲਾਤ ਬਿਹਤਰ ਹੋਏ। ਹਰੀ ਕ੍ਰਾਂਤੀ ਨੇ ਕੀਟਨਾਸ਼ਕ ਖਾਦਾਂ ਅਤੇ ਵੱਧ ਪੈਦਾਵਾਰ ਵਧਾਉਣ ਵਾਲੇ ਬੀਜਾਂ ਦੀਆਂ ਕਿਸਮਾਂ ਲਿਆਂਦੀਆਂ। ਜਿਵੇਂ-ਜਿਵੇਂ ਸਮਾਂ ਬਦਲਦਾ ਗਿਆ, ਇਨਕਲਾਬਾਂ ਨੇ ਖੇਤੀ ਦਾ ਜੋਸ਼ ਹੋਰ ਵਧਾ ਦਿੱਤਾ, ਜਿਵੇਂ ਸੁਨਹਿਰੀ ਇਨਕਲਾਬ, ਜਿੱਥੇ ਸ਼ਹਿਦ ਤੇ ਬਾਗਬਾਨੀ ਨੂੰ ਭਰਵਾਂ ਹੁੰਗਾਰਾ ਮਿਲਿਆ। ਜਿੱਥੇ ਕਿਸਾਨਾਂ ਦੀ ਹੱਡ-ਭੰਨਵੀਂ ਮਿਹਨਤ ਰੰਗ ਲਿਆਈ, ਉਥੇ ਸਰਕਾਰਾਂ ਤੇ ਯੂਨੀਵਰਸਿਟੀਆਂ ਨੇ ਬਹੁਤ ਵੱਡਾ ਯੋਗਦਾਨ ਪਾਇਆ। ਨਵੀਆਂ-ਨਵੀਆਂ ਯੂਨੀਵਰਸਿਟੀਆਂ ਅਤੇ ਉਨ੍ਹਾਂ ਦੀਆਂ ਪ੍ਰਯੋਗਸ਼ਾਲਾਵਾਂ 'ਚ ਕੰਮ ਕਰ ਰਹੇ ਖੇਤੀਬਾੜੀ ਡਾਕਟਰਾਂ ਨੇ ਨਵੀਆਂ-ਨਵੀਆਂ ਕਿਸਮਾਂ ਨੂੰ ਪੇਸ਼ ਕੀਤਾ, ਜਿਸ ਨਾਲ ਖੇਤੀ ਨੂੰ ਦਿਲਖਿੱਚਵਾਂ ਹੁੰਗਾਰਾ ਮਿਲਿਆ ਅਤੇ ਵੀਰਾਨ ਪਈਆਂ ਜ਼ਮੀਨਾਂ ਨੂੰ ਫਸਲਾਂ ਦੇ ਲਹਿਰਾਉਣ ਨਾਲ ਰੂਹ ਨੂੰ ਸਕੂਨ ਮਿਲਿਆ। ਕਣਕ ਦੀ ਬੀਮਾਰੀ ਪੀਲੀ ਕੁੰਗੀ ਕਰਕੇ ਕਿਸਾਨ ਬਹੁਤ ਮਾਯੂਸ ਸੀ ਪਰ ਦਵਾਈ ਪੀ ਬੀ ਡਬਲਯੂ 343 ਨਾਲ ਬਹੁਤ ਫਾਇਦਾ ਹੋਇਆ ਅਤੇ ਟਮਾਟਰਾਂ ਦੀ ਕਿਸਮ ਨੂੰ ਹੋਰ ਸੁਧਾਰ ਕੇ ਲਾਲ ਰੰਗ ਬਖਸ਼ ਕੇ ਵਿਗਿਆਨ ਨੇ ਬਹੁਤ ਯੋਗਦਾਨ ਪਾਇਆ। ਯੂਨੀਵਰਸਿਟੀਆਂ ਅਣਥੱਕ ਮਿਹਨਤ ਕਰਦੇ ਹੋਏ ਹਰ ਸਾਲ ਨਵੇਂ-ਨਵੇਂ ਸੰਦ, ਤਕਨੀਕਾਂ, ਯੰਤਰ ਕਿਸਾਨਾਂ ਨੂੰ ਖੋਜ ਕੇ ਦੇ ਰਹੀਆਂ ਹਨ ਤੇ ਕਿਸਾਨਾਂ ਲਈ ਖੇਤੀ ਪਹਿਲਾਂ ਦੇ ਮੁਕਾਬਲੇ ਬਹੁਤ ਸੁਖਾਲੀ ਹੋ ਗਈ ਹੈ। ਸਰਕਾਰ ਵੱਲੋਂ ਬਣਾਈਆਂ ਯੂਨੀਵਰਸਿਟੀਆਂ ਜਿੱਥੇ ਖੇਤੀ ਪੱਧਰ ਨੂੰ ਉਚਾ ਚੁੱਕਣ ਲਈ ਮਿਹਨਤ ਕਰ ਰਹੀਆਂ ਹਨ, ਉਥੇ ਹੀ ਸਰਕਾਰਾਂ ਕਿਸਾਨਾਂ ਦੇ ਕਰਜ਼ੇ ਮੁਆਫੀ ਦੀਆਂ ਸਕੀਮਾਂ, ਸਬਸਿਡੀ ਤੇ ਬਿਜਲੀ ਮੁਆਫ ਕਰਕੇ ਆਪਣਾ ਪੂਰਾ ਯੋਗਦਾਨ ਪਾ ਰਹੀਆਂ ਹਨ।

ਸ਼ਾਇਦ ਕੇਂਦਰ ਸਰਕਾਰ ਵੱਲੋਂ ਪੰਜ ਜੂਨ 2020 ਨੂੰ ਆਰਡੀਨੈਂਸ ਜਾਰੀ ਕਰਨ ਦਾ ਗਿਆ ਫੈਸਲਾ ਕਿਤੇ ਨਾ ਕਿਤੇ ਨਿੱਜੀ ਸੈਕਟਰ ਨੂੰ ਬੜ੍ਹਾਵਾ ਦੇ ਰਿਹਾ ਹੈ ਤੇ ਇਸ ਨਾਲ ਕਿਸਾਨਾਂ ਦੀਆਂ ਮੁਸ਼ਕਲਾਂ ਵਧਣ ਦਾ ਰੁਖ ਧਾਰਨ ਕਰ ਲੈਣਗੀਆਂ। ਇੱਕ ਦੇਸ਼-ਇੱਕ ਮੰਡੀ ਐਲਾਨ ਕਰਨ ਲੱਗੇ ਸ਼ਾਇਦ ਸਰਕਾਰ ਨੇ ਵੱਡੀ ਪੱਧਰ ਦੇ ਕਿਸਾਨਾਂ ਬਾਰੇ ਸੋਚ ਲਿਆ, ਪਰ ਛੋਟੇ ਪੱਧਰ ਦੇ ਕਿਸਾਨ, ਜੋ 1 ਜਾਂ 2 ਕਿੱਲੇ ਵਿੱਚ ਖੇਤੀ ਕਰਦੇ ਹਨ, ਨੂੰ ਦੂਰ ਦੂਜੇ ਸੂਬੇ ਦੀ ਮੰਡੀ ਤੱਕ ਫਸਲ ਪੁਚਾਉਣਾ ਬਹੁਤ ਮੁਸ਼ਕਲ ਹੋਵੇਗਾ। ਸਰਕਾਰ ਨੂੰ ਸੋਚਣਾ ਚਾਹੀਦਾ ਹੈ ਕਿ ਮਹਿੰਗਾਈ ਵਧਣ ਅਤੇ ਕੋਵਿਡ ਵਰਗੀਆਂ ਭਿਆਨਕ ਬੀਮਾਰੀਆਂ ਕਰਕੇ ਪਹਿਲਾਂ ਹੀ ਗਰੀਬ ਕਿਸਾਨ ਮੁਸ਼ਕਲ ਨਾਲ ਗੁਜ਼ਾਰਾ ਕਰਦਾ ਹੈ, ਜੇ ਦੂਰ-ਦੁਰਾਡੇ ਫਸਲਾਂ ਨੂੰ ਲੈ ਕੇ ਜਾਣਾ ਪਿਆ ਤਾਂ ਗਰੀਬ ਕਿਸਾਨ ਨੂੰ ਖੇਤੀ ਛੱਡਣ ਤੋਂ ਬਿਨਾਂ ਹੋਰ ਰਸਤਾ ਨਜ਼ਰ ਨਹੀਂ ਆਵੇਗਾ।

ਇੱਕ ਪਾਸੇ ਇਹ ਖੁੱਲ੍ਹ ਖ਼ੁਸ਼ਦਾਈ ਹੈ, ਪਰ ਨਾਲ ਹੀ ਫਿਕਰ ਭਰੀ ਵੀ ਹੈ। ਕਾਰਪੋਰੇਟ ਦੇ ਹੱਥ ਖੇਤੀ ਦੇਣ ਕਾਰਨ ਬੇਰੋਜ਼ਗਾਰੀ ਅਤੇ ਭੁੱਖਮਰੀ ਦੇ ਰਿਕਾਰਡ ਟੁੱਟ ਜਾਣਗੇ। ਜਿੱਥੇ ਐਗਰੋ ਬਿਜ਼ਨੈਸ ਕੰਪਨੀਆਂ ਨੂੰ ਫਸਲਾਂ ਖਰੀਦਣ ਦੀ ਖੁੱਲ੍ਹ ਹੈ, ਜੋ ਠੇਕਾ ਕਾਨੂੰਨ 2018 ਦੇ ਹਿਸਾਬ ਨਾਲ ਕਿਸਾਨਾਂ ਤੋਂ ਜ਼ਮੀਨਾਂ ਨੂੰ ਲੈ ਕੇ ਪ੍ਰਾਈਵੇਟ ਤੌਰ 'ਤੇ ਮਨਮਰਜ਼ੀ ਕਰਨਗੀਆਂ ਅਤੇ ਫਸਲਾਂ ਦੀ ਸਾਫ-ਸਫਾਈ ਕਰਕੇ ਅਤੇ ਪੈਕ ਕਰਕੇ ਉਨ੍ਹਾਂ ਨੂੰ ਖਪਤਕਾਰਾਂ ਕੋਲ ਵੇਚਣਾ ਹੀ ਨਹੀਂ, ਸਗੋਂ ਕਦਰ ਜੋੜ ਕੇ ਕਣਕ, ਚੌਲਾਂ ਅਤੇ ਹੋਰ ਫਸਲਾਂ ਦੇ ਤਰ੍ਹਾਂ-ਤਰ੍ਹਾਂ ਦੇ ਉਤਪਾਦ ਤਿਆਰ ਕਰ ਕੇ ਭਾਰਤੀ ਅਤੇ ਵਿਦੇਸ਼ੀ ਮੰਡੀਆਂ 'ਚ ਵੇਚ ਕੇ ਸੁਪਰ ਮੁਨਾਫੇ ਕਮਾਉਣਗੀਆਂ। ਸਰਕਾਰੀ ਖਰੀਦ ਦੇ ਖਤਮ ਹੁੰਦਿਆਂ ਹੀ ਕਿਸਾਨਾਂ ਦੇ ਪ੍ਰਾਈਵੇਟ ਕੰਪਨੀਆਂ ਦੇ ਰਹਿਮੋ-ਕਰਮ 'ਤੇ ਹੁੰਦੀਆਂ ਹੀ ਉਨ੍ਹਾਂ ਦੀ ਲੁੱਟ ਹੋਰ ਤੇਜ਼ ਹੋ ਜਾਵੇਗੀ ਤੇ ਕਰਜ਼ਾ, ਖੁਦਕੁਸ਼ੀਆਂ ਦਾ ਸੰਕਟ ਹੋਰ ਗਹਿਰਾ ਹੋ ਜਾਵੇਗਾ। ਖੇਤੀ ਕਰਦਾ ਕਿਸਾਨ ਖੇਤੀ ਛੱਡ ਕੇ ਹੋਰ ਕਿਸੇ ਵੀ ਖੇਤਰ 'ਚ ਕੰਮ ਨਹੀਂ ਕਰ ਸਕਦਾ, ਮਜ਼ਬੂਰ ਕਿਸਾਨ ਸ਼ਾਇਦ ਆਪਣੇ-ਆਪ ਨੂੰ ਫਸਿਆ ਮਹਿਸੂਸ ਕਰ ਰਿਹਾ ਹੈ। ਬੇਸ਼ੱਕ ਸਰਕਾਰਾਂ ਕਦੇ ਵੀ ਜਨਤਾ ਵਿਰੋਧੀ ਕੰਮ ਨਹੀਂ ਕਰਦੀਆਂ ਪਰ ਲੋੜ ਹੈ ਜ਼ਮੀਨੀ ਪੱਧਰ ਉਪਰ ਉਤਰ ਕੇ ਖੁੱਲ੍ਹ ਕੇ ਲੋਕਾਂ ਨਾਲ ਵਿਚਾਰ-ਵਟਾਂਦਰਾ ਕਰਕੇ ਕੋਈ ਫੈਸਲਾ ਲਿਆ ਜਾਵੇ।

# ਲਓ ਜੀ, ਕ੍ਰਿਸ਼ਨ ਜਨਮ ਭੂਮੀ ਦਾ ਮੁੱਦਾ ਵੀ ਖੜਾ ਹੋ ਗਿਐ



ਮਥੁਰਾ, 27 ਸਤੰਬਰ (ਪੋਸਟ ਬਿਊਰੋ)- ਸ੍ਰੀ ਕ੍ਰਿਸ਼ਨ ਜਨਮ ਸਥਾਨ ਦਾ ਮਾਮਲਾ ਕੋਰਟ ਪਹੁੰਚ ਗਿਆ ਹੈ। ਸ੍ਰੀ ਕ੍ਰਿਸ਼ਨ ਬਿਰਾਜਮਾਨ ਅਤੇ ਸੱਤ ਹੋਰਨਾਂ ਵੱਲੋਂ ਸਿਵਲ ਜੱਜ ਸੀਨੀਅਰ ਡਿਵੀਜ਼ਨ ਛਾਇਆ ਸ਼ਰਮਾ ਦੀ ਕੋਰਟ ਵਿੱਚ ਦਾਇਰ ਦਾਅਵੇ ਵਿੱਚ ਸ੍ਰੀ ਕ੍ਰਿਸ਼ਨ ਜਨਮ ਸਥਾਨ ਦੀ 13.37 ਏਕੜ ਜ਼ਮੀਨ ਦਾ ਮਾਲਕਾਨਾ ਹੱਕ ਦੇਣ ਅਤੇ ਸ਼ਾਹੀ ਈਦਗਾਹ ਮਸਜਿਦ ਨੂੰ ਹਟਾਉਣ ਦੀ ਮੰਗ ਕੀਤੀ ਗਈ ਹੈ। ਇਸ ਦੇ ਨਾਲ ਮਸਜਿਦ ਕਮੇਟੀ ਅਤੇ ਸ੍ਰੀ ਕ੍ਰਿਸ਼ਨ ਜਨਮ ਸਥਾਨ ਸੇਵਾ ਸੰਸਥਾ ਵਿਚਾਲੇ ਹੋਏ ਸਮਝੌਤੇ ਨੂੰ ਗੈਰ ਕਾਨੂੰਨੀ ਦੱਸਿਆ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਸ੍ਰੀ ਕ੍ਰਿਸ਼ਨ ਬਿਰਾਜਮਾਨ, ਅਸਥਾਨ ਸ੍ਰੀ ਕ੍ਰਿਸ਼ਨ ਜਨਮ ਭੂਮੀ, ਸ੍ਰੀ ਕ੍ਰਿਸ਼ਨ ਕੀ ਸਖਾ ਲਖਨਊ ਵਾਸੀ ਰੰਜਨਾ ਅਗਨੀਹੋਤਰੀ ਅਤੇ ਤ੍ਰਿਪੁਰਾਰੀ ਤ੍ਰਿਪਾਠੀ, ਦਿੱਲੀ ਵਾਸੀ ਕ੍ਰਿਸ਼ਨ ਭਗਤ ਪ੍ਰਵੇਸ਼ ਕੁਮਾਰ, ਕਰੁਣੇਸ਼ ਕੁਮਾਰ ਸ਼ੁਕਲਾ ਅਤੇ ਸ਼ਿਵਾ ਜੀ ਸਿੰਘ, ਸਿਧਾਰਥ ਨਗਰ ਵਾਸੀ ਕ੍ਰਿਸ਼ਨ ਭਗਤ ਰਾਜੇਸ਼ਮਣੀ ਤ੍ਰਿਪਾਠੀ ਵੱਲੋਂ ਸੁਪਰੀਮ ਕੋਰਟ ਦੇ ਵਕੀਲ ਵਿਸ਼ਣੂ ਸ਼ੰਕਰ ਜੈਨ ਨੇ ਸ਼ੁੱਕਰਵਾਰ ਨੂੰ ਦਾਅਵਾ ਦਾਇਰ ਕੀਤਾ ਹੈ। ਇਸ 57 ਸਫਿਆਂ ਦੇ ਇਸ ਦਾਅਵੇ ਵਿੱਚ ਯੂ ਪੀ ਸੁੰਨੀ ਸੈਂਟਰਲ ਵਕਫ ਬੋਰਡ, ਸ਼ਾਹੀ ਈਦਗਾਹ ਮਸਜਿਦ ਪ੍ਰਬੰਧ ਕਮੇਟੀ, ਸ੍ਰੀ ਕ੍ਰਿਸ਼ਨ ਜਨਮ ਭੂਮੀ ਟਰੱਸਟ ਅਤੇ ਸ੍ਰੀ ਕ੍ਰਿਸ਼ਨ ਜਨਮ ਭੂਮੀ ਸੇਵਾ ਸੰਸਥਾ ਨੂੰ ਬਚਾਅ ਧਿਰ ਬਣਾਇਆ ਗਿਆ ਹੈ। ਦਾਅਵੇ ਨੂੰ ਸਵੀਕਾਰ ਜਾਂ ਰੱਦ ਕਰਨ ਦਾ ਫੈਸਲਾ ਕੋਰਟ ਨੇ ਕਰਨਾ ਹੈ। ਅਸਲ ਵਿੱਚ 1968 ਵਿੱਚ ਸ੍ਰੀ ਕ੍ਰਿਸ਼ਨ ਜਨਮ ਸਥਾਨ ਸੇਵਾ ਸੰਸਥਾ ਅਤੇ ਸ਼ਾਹੀ ਈਦਗਾਹ ਮਸਜਿਦ ਵਿਚਾਲੇ ਜ਼ਮੀਨ ਬਾਰੇ ਸਮਝੌਤਾ ਹੋਇਆ ਸੀ ਕਿ ਮਸਜਿਦ ਜਿੰਨੀ ਜ਼ਮੀਨ ਵਿੱਚ ਬਣੀ ਹੈ, ਬਣੀ ਰਹੇਗੀ। ਇਹ ਜ਼ਮੀਨ ਟਰੱਸਟ ਦੇ ਨਾਂਅ ’ਤੇ ਹੈ। ਅਜਿਹੇ ਵਿੱਚ ਕਿਹਾ ਜਾ ਰਿਹਾ ਹੈ ਕਿ ਸੇਵਾ ਸੰਸਥਾ ਦਾ ਸਮਝੌਤਾ ਗਲਤ ਹੈ।

# ਮੋਦੀ ਵੱਲੋਂ ਸ੍ਰੀਲੰਕਾਈ ਪ੍ਰਧਾਨ ਮੰਤਰੀ ਨਾਲ ਗੱਲਬਾਤ

***ਬੋਧੀ ਸਬੰਧਾਂ ਲਈ 15 ਮਿਲੀਅਨ ਡਾਲਰ ਦੀ ਮਦਦ ਦਾ ਐਲਾਨ**



ਨਵੀਂ ਦਿੱਲੀ, 27 ਸਤੰਬਰ (ਪੋਸਟ ਬਿਊਰੋ)- ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸ੍ਰੀਲੰਕਾ ਦੇ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਵਿਚਾਲੇ ਕੱਲ੍ਹ ਵਰਚੁਅਲ ਮੀਟਿੰਗ ਹੋਈ। ਇਸ ਦੌਰਾਨ ਦੋਵਾਂ ਦੇਸ਼ਾਂ ਦੇ ਮੁਖੀਆਂ ਨੇ ਆਪਸੀ ਰਿਸ਼ਤੇ ਨੂੰ ਮਜ਼ਬੂਤ ਕਰਨ ਲਈ ਇੱਕ-ਦੂਸਰੇ ਨੂੰ ਵਧਾਈ ਦਿੱਤੀ। ਮੋਦੀ ਨੇ ਰਾਜਪਕਸ਼ੇ ਨੂੰ ਪ੍ਰਧਾਨ ਮੰਤਰੀ ਚੁਣੇ ਜਾਣ ਤੇ ਪਾਰਲੀਮੈਂਟ ਚੋਣਾਂ ਵਿੱਚ ਉਨ੍ਹਾਂ ਦੀ ਪਾਰਟੀ ਦੀ ਜਿੱਤ ਲਈ ਵੀ ਵਧਾਈ ਦਿੱਤੀ ਹੈ। ਵਿਦੇਸ਼ ਮੰਤਰਾਲੇ ਵੱਲੋਂ ਭਾਰਤ-ਸ੍ਰੀਲੰਕਾ ਵਰਚੁਅਲ ਬੈਠਕ ਨੂੰ ਸਫਲ ਦੱਸਿਆ ਗਿਆ। ਦੋਵਾਂ ਨੇਤਾਵਾਂ ਵਿਚਾਲੇ ਸਬੰਧਾਂ ਨੂੰ ਲੈ ਕੇ ਵਚਨਬੱਧਤਾ ਪ੍ਰਗਟ ਕੀਤੀ ਗਈ।

ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੋਵਾਂ ਦੇਸ਼ਾਂ ਦੇ ਬੁੱਧ ਧਰਮ ਬਾਰੇ ਸਬੰਧਾਂ ਨੂੰ ਪ੍ਰਮੋਟ ਕਰਨ ਦੇ ਲਈ 15 ਮਿਲੀਅਨ ਡਾਲਰ ਦੀ ਮਦਦ ਦਾ ਐਲਾਨ ਕੀਤਾ ਅਤੇ ਕਿਹਾ ਕਿ ਉਤਰ ਪ੍ਰਦੇਸ਼ ਦੇ ਕੁਸ਼ੀਨਗਰ ਵਿੱਚ ਪਹਿਲੀ ਫਲਾਈਟ ਦੇ ਲਈ ਸ੍ਰੀਲੰਕਾ ਤੋਂ ਬੁੱਧ ਤੀਰਥ ਯਾਤਰੀਆਂ ਦੇ ਵਫਦ ਦੀ ਯਾਤਰਾ ਭਾਰਤ ਸਪਾਂਸਰ ਕਰੇਗਾ। ਕੋਵਿਡ ਮਹਾਮਾਰੀ ਦੇ ਲਈ ਸੈਂਟਰਲ ਬੈਂਕ ਆਫ ਸ੍ਰੀਲੰਕਾ ਨੂੰ ਚਾਰ ਸੌ ਮਿਲੀਅਨ ਡਾਲਰ ਦੀ ਕਰੰਸੀ ਸਵੈਪ ਸੁਵਿਧਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਭਾਰਤ ਅਤੇ ਸ੍ਰੀਲੰਕਾ ਦੇ ਰਿਸ਼ਤੇ ਹਜ਼ਾਰਾਂ ਸਾਲ ਪੁਰਾਣੇ ਹਨ। ਸਰਕਾਰ ਦੀ ‘ਗੁਆਂਢੀ ਪਹਿਲਾਂ’ ਦੀ ਨੀਤੀ ਅਤੇ ਸਾਗਰ ਸਿਧਾਂਤ ਹੇਠ ਅਸੀਂ ਦੋਵਾਂ ਦੇਸ਼ਾਂ ਦੇ ਰਿਸ਼ਤੇ ਨੂੰ ਵਿਸ਼ੇਸ਼ ਪਹਿਲ ਦਿੰਦੇ ਹਾਂ। ਦੂਸਰੇ ਪਾਸੇ ਰਾਜਪਕਸ਼ੇ ਨੇ ਜਾਫਨਾ ਕਲਚਰਲ ਸੈਂਟਰ ਦਾ ਜ਼ਿਕਰ ਕੀਤਾ, ਜੋ ਭਾਰਤ ਦੀ ਮਦਦ ਨਾਲ ਬਣ ਰਿਹਾ ਹੈ ਅਤੇ ਲਗਭਗ ਤਿਆਰ ਹੈ। ਰਾਜਪਕਸ਼ੇ ਵੱਲੋਂ ਪੀ ਐਮ ਮੋਦੀ ਨੂੰ ਇਸ ਦੇ ਉਦਘਾਟਨ ਦੇ ਲਈ ਆਉਣ ਦਾ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਐਮ ਟੀ ਨਿਊ ਡਾਇਮੰਡ ਜਹਾਜ਼ ’ਤੇ ਅੱਗ ਨੂੰ ਬੁਝਾਉਣ ਦੇ ਆਪਰੇਸ਼ਨ ਨੇ ਦੋਵਾਂ ਦੇਸ਼ਾਂ ਵਿਚਾਲੇ ਵੱਧ ਸਹਿਯੋਗ ਦਾ ਮੌਕਾ ਪ੍ਰਦਾਨ ਕੀਤਾ।

# ਵਿਦੇਸ਼ੀ ਲੋਕ ਵੀ ਪੀਂਦੇ ਨੇ ਭਾਰਤ ਦਾ ਕਾਹੜਾ



ਨਵੀਂ ਦਿੱਲੀ, 27 ਸਤੰਬਰ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਾਰ ਤੋਂ ਬਚਣ ਲਈ ਵਿਦੇਸ਼ ਵਿੱਚ ਵੀ ਲੋਕ ਭਾਰਤ ਦੇ ਪ੍ਰਾਚੀਨ ਕਾਹੜੇ ਨੂੰ ਅਜ਼ਮਾ ਰਹੇ ਹਨ। ਇਸ ਕਾਰਨ ਵਸਤੂਆਂ ਦੇ ਕੁੱਲ ਬਰਾਮਦ ਵਿੱਚ ਗਿਰਾਵਟ ਦੇ ਬਾਵਜੂਦ ਮਸਾਲੇ ਦੇ ਐਕਸਪੋਰਟ ਵਿੱਚ ਵਾਧਾ ਹੋ ਰਿਹਾ ਹੈ। ਸਪਾਈਸ ਬੋਰਡ ਦੇ ਮੁਤਾਬਕ ਇਸ ਸਾਲ ਅਪ੍ਰੈਲ-ਜੁਲਾਈ ਦੌਰਾਨ ਮਸਾਲੇ ਦੇ ਕੁੱਲ ਐਕਸਪੋਰਟ ਵਿੱਚ 10 ਫੀਸਦੀ ਦਾ ਵਾਧਾ ਹੋਇਆ ਹੈ। ਇਸੇ ਮਿਆਦ ਵਿੱਚ ਵਸਤੂਆਂ ਦੀ ਕੁੱਲ ਐਕਸਪੋਰਟ ਵਿੱਚ ਪਿਛਲੇ ਸਾਲ ਦੀ ਇਸੇ ਸਮੇਂ ਦੀ ਮਿਆਦ ਦੇ ਮੁਕਾਬਲੇ ਤੀਹ ਫੀਸਦੀ ਦੀ ਗਿਰਾਵਟ ਰਹੀ ਹੈ।

ਸਪਾਈਸ ਬੋਰਡ ਨੇ ਦੱਸਿਆ ਕਿ ਇਸ ਸਾਲ ਅਪ੍ਰੈਲ-ਜੁਲਾਈ ਵਿੱਚ 4.33 ਲੱਖ ਟਨ ਮਸਾਲੇ ਦਾ ਐਕਸਪੋਰਟ ਕੀਤਾ ਗਿਆ, ਜਿਸ ਦੀ ਕੀਮਤ 7028 ਕਰੋੜ ਰੁਪਏ ਸੀ। ਇਸ ਤਰ੍ਹਾਂ ਮਾਤਰਾ ਅਤੇ ਕੀਮਤ ਦੋਵਾਂ ਤਰ੍ਹਾਂ ਦੇ ਮਸਾਲਿਆਂ ਦੀ ਐਕਸਪੋਰਟ ਵਿੱਚ ਇਸ ਸਾਲ ਵਾਧਾ ਰਿਹਾ। ਐਕਸਪੋਰਟਰਜ਼ ਨੇ ਦੱਸਿਆ ਕਿ ਅਜੇ ਦੂਸਰੀਆਂ ਚੀਜ਼ਾਂ ਦੀ ਮੰਗ ਵਿੱਚ ਭਾਰੀ ਗਿਰਾਵਟ ਹੈ, ਪਰ ਭਾਰਤੀ ਮਸਾਲਿਆਂ ਵਿੱਚ ਐਨਰਜੀ ਸਮਰੱਥਾ ਵਧਾਉਣ ਦੇ ਗੁਣ ਦੇ ਕਾਰਨ ਮਸਾਲਿਆਂ ਦੀ ਮੰਗ ਵਿੱਚ ਵਾਧੇ ਦਾ ਸਿਲਸਿਲਾ ਜਾਰੀ ਹੈ।

ਸਪਾਈਸ ਬੋਰਡ ਦੇ ਮੁਤਾਬਕ ਅਪ੍ਰੈਲ-ਜੁਲਾਈ ਵਿੱਚ ਅਦਰਕ, ਹਲਦੀ, ਜ਼ੀਰਾ ਅਤੇ ਧਨੀਏ ਦੀ ਬਰਾਮਦੀ ਮੰਗ ਹੋਰਨਾਂ ਮਸਾਲਿਆਂ ਦੇ ਮੁਕਾਬਲੇ ਜ਼ਿਆਦਾ ਰਹੀ। ਮੁੱਖ ਰੂਪ ਤੋਂ ਇਥੇ ਅਮਰੀਕਾ ਅਤੇ ਯੂਰਪ ਦੇ ਦੇਸ਼ਾਂ ਨੂੰ ਮਸਾਲੇ ਦੀ ਐਕਸਪੋਰਟ ਹੁੰਦੀ ਹੈ, ਪਰ ਕੋਰੋਨਾ ਦੌਰ ਵਿੱਚ ਬੰਗਲਾ ਦੇਸ਼, ਮੋਰਾਕੋ, ਈਰਾਨ, ਮਲੇਸ਼ੀਆ ਅਤੇ ਚੀਨ ਵਰਗੇ ਦੇਸ਼ਾਂ ਤੋਂ ਵੀ ਭਾਰਤੀ ਮਸਾਲਿਆਂ ਦੀ ਮੰਗ ਆ ਰਹੀ ਹੈ। ਭਾਰਤ ਤੋਂ ਗਰਮ ਮਸਾਲਿਆਂ ਦੇ ਨਾਲ ਹੋਰਨਾਂ ਮਸਾ-ਲਿਆਂ ਦਾ ਵੀ ਐਕਸਪੋਰਟ ਕੀਤਾ ਜਾਂਦਾ ਹੈ। ਮੁੱਖ ਰੂਪ ਤੋਂ ਅਦਰਕ, ਹਲਦੀ, ਧਨੀਆ, ਜੀਰਾ, ਤੇਜਪੱਤਾ, ਲਸਣ, ਮਿਰਚ, ਲੌਂਗ, ਕੜੀਪੱਤਾ ਵਰਗੇ ਮਸਾਲੇ ਐਕਸਪੋਰਟ ਕੀਤੇ ਜਾਂਦੇ ਹਨ। ਵਿਦੇਸ਼ ਵਿੱਚ ਭਾਰਤੀ ਅਦਰਕ ਦੀ ਵਧਦੀ ਮੰਗ ਦਾ ਅੰਦਾਜ਼ਾ ਇਸੇ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ 2019-20 ਵਿੱਚ ਅਦਰਕ ਦੀ ਬਰਾਮਦ ਵਿੱਚ 2018-19 ਦੇ ਮੁਕਾਬਲੇ 176 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ।

# ਮੁੱਖ ਮੰਤਰੀ ਲਈ ਪੈਕ ਰੋਟੀਆਂ ਠੰਢੀਆਂ ਹੋਈਆਂ ਤਾਂ ਅਫਸਰ ਦੀ ਨੌਕਰੀ ਖਤਰੇ ਵਿੱਚ ਪਈ

ਇੰਦੌਰ, 27 ਸਤੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਲਈ ਪੁਚਾਏ ਗਏ ਭੋਜਨ ਪੈਕੇਟ ਦੀਆਂ ਰੋਟੀਆਂ ਠੰਢੀਆਂ ਹੋਣ ਕਾਰਨ ਖੁਰਾਕ ਅਤੇ ਮੈਡੀਕਲ ਪ੍ਰਸ਼ਾਸਨ ਵਿਭਾਗ ਦੇ ਇੱਕ ਸਸਪੈਂਡ ਅਧਿਕਾਰੀ ਦਾ ਮੁੱਦਾ ਭਖ ਜਾਣ ’ਤੇ ਮੁੱਖ ਮੰਤਰੀ ਦੇ ਹੁਕਮ ’ਤੇ ਉਸ ਨੂੰ ਬਹਾਲ ਕਰ ਦਿੱਤਾ ਗਿਆ ਹੈ।

ਅਧਿਕਾਰੀਆਂ ਦੇ ਦੱਸਣ ਮੁਤਾਬਕ ਖੁਰਾਕ ਸੁਰੱਖਿਆ ਅਧਿਕਾਰੀ ਦੇ ਸਸਪੈਂਡ ਕੀਤੇ ਜਾਣ ਦੀ ਜਾਣਕਾਰੀ ਮਿਲਣ ਉੱਤੇ ਮੁੱਖ ਮੰਤਰੀ ਸ਼ਿਵਰਾਜ ਚੌਹਾਨ ਨੇ ਜ਼ਿਲ੍ਹਾ ਅਧਿਕਾਰੀ ਨੂੰ ਹੁਕਮ ਦਿੱਤੇ ਕਿ ਉਸ ਨੂੰ ਬਹਾਲ ਕੀਤਾ ਜਾਏ। ਮੁੱਖ ਮੰਤਰੀ ਨੇ ਕਿਹਾ, ਮੈਂ ਇੱਕ ਸਾਧਾਰਨ ਇਨਸਾਨ ਹਾਂ ਅਤੇ ਮੈਨੂੰ ਸੁੱਕੀਆਂ ਰੋਟੀਆਂ ਖਾਣ ਵਿੱਚ ਵੀ ਗੁਰੇਜ ਨਹੀਂ। ਅਜਿਹੇ ਵਿੱਚ ਮੈਨੂੰ ਸਹੀ ਨਹੀਂ ਲੱਗਦਾ ਕਿ ਮੇਰੇ ਭੋਜਨ ਦੇ ਕਾਰਨ ਕਿਸੇ ਅਧਿਕਾਰੀ ਖਿਲਾਫ ਅਨੁਸ਼ਾਸਨੀ ਕਦਮ ਚੁੱਕੇ ਜਾਣ। ਅਧਿਕਾਰੀਆਂ ਨੇ ਦੱਸਿਆ



ਕਿ ਚੌਹਾਨ ਬੁੱਧਵਾਰ ਰਾਤ ਇੰਦੌਰ ਆਏ ਅਤੇ ਸਥਾਨਕ ਪ੍ਰੋਗਰਾਮ ਦੇ ਬਾਅਦ ਭੋਪਾਲ ਚਲੇ ਗਏ ਸਨ। ਉਨ੍ਹਾ ਲਈ ਪੈਕ ਕਰਾਏ ਭੋਜਨ ਵਿੱਚ ਰੋਟੀਆਂ ਉਨ੍ਹਾਂ ਦੇ ਪ੍ਰੋਗਰਾਮ ਵਿੱਚ ਦੇਰੀ ਦੇ ਕਾਰਨ ਠੰਢੀਆਂ ਹੋ ਗਈਆਂ ਸਨ। ਮੁੱਖ ਮੰਤਰੀ ਦੇ ਭੋਜਨ ਦੇ ਪ੍ਰਬੰਧਾਂ ਦਾ ਜ਼ਿੰਮਾ ਖੁਰਾਕ ਸੁਰੱਖਿਆ ਅਧਿਕਾਰੀ ਮਨੀਸ਼ ਸਵਾਮੀ ਕੋਲ ਸੀ। ਠੰਢੀਆਂ ਰੋਟੀਆਂ ਦੀ ਸ਼ਿਕਾਇਤ ਮਿਲਣ ਦੇ ਬਾਅਦ ਜ਼ਿਲ੍ਹਾ ਅਧਿਕਾਰੀ ਮਨੀਸ਼ ਸਿੰਘ ਨੇ ਫਰਜ਼ ਵਿੱਚ ਲਾਪਰਵਾਹੀ ਦੇ ਦੋਸ਼ ਵਿੱਚ ਸਵਾਮੀ ਨੂੰ ਮੱਧ ਪ੍ਰਦੇਸ਼ ਸਿਵਲ ਸਰਵਿਸ ਨਿਯਮਾਂ ਦੇ ਤਹਿਤ ਸਸਪੈਂਡ ਕਰ ਦਿੱਤਾ ਸੀ।

# ਭਾਜਪਾ ਨੇ ਕਈ ਨਵੇਂ ਅਹੁਦੇਦਾਰ ਲਿਆਂਦੇ ਤੇ ਕਈਆਂ ਦੀ ਛੁੱਟੀ

ਨਵੀਂ ਦਿੱਲੀ, 27 ਸਤੰਬਰ (ਪੋਸਟ ਬਿਊਰੋ)- ਭਾਜਪਾ ਨੇ ਪਾਰਟੀ ਦੇ ਢਾਂਚੇ ਵਿੱਚ ਵੱਡਾ ਫੇਰਬਦਲ ਕਰਦਿਆਂ ਰਾਮ ਮਾਧਵ ਜਨਰਲ ਸਕੱਤਰ ਸਮੇਤ ਕੁਝ ਸੀਨੀਅਰ ਆਗੂਆਂ ਨੂੰ ਕੁਝ ਹੋਰਨਾਂ ਨੂੰ ਅਹਿਮ ਅਹੁਦਿਆਂ ਤੋਂ ਲਾਂਭੇ ਕਰ ਦਿੱਤਾ ਹੈ। ਪਾਰਟੀ ਦੇ ਕੌਮੀ ਪ੍ਰਧਾਨ ਜੇ ਪੀ ਨੱਢਾ ਵੱਲੋਂ ਐਲਾਨੀ ਟੀਮ ਵਿੱਚ ਕੁਝ ਨਵੇਂ ਚਿਹਰਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਵੇਂ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਪਾਰਟੀ ਦੀ ਪੂਰੇ ਸਮਰਪਣ ਅਤੇ ਬਿਨਾਂ ਕਿਸੇ ਸੁਆਰਥ ਦੇ ਦੇਸ਼ ਵਾਸੀਆਂ ਦੀ ਸੇਵਾ ਕਰਨ ਦੀ ‘ਸ਼ਾਨਦਾਰ ਰਿਵਾਇਤ’ ਨੂੰ ਕਾਇਮ ਰੱਖਣਗੇ।

ਨਵੀਂ ਟੀਮ ਵਿੱਚ ਭਾਜਪਾ ਦੇ ਕੌਮੀ ਪ੍ਰਧਾਨ ਨੇ ਅੱਠ ਜਨਰਲ ਸਕੱਤਰਾਂ ਨੂੰ ਸ਼ਾਮਲ ਕੀਤਾ ਹੈ, ਜੋ ਸੂਬੇ ਅਤੇ ਕੇਂਦਰੀ ਲੀਡਰਸ਼ਿਪ ਵਿਚਾਲੇ ਕੜੀ ਦਾ ਕੰਮ ਕਰਨਗੇ। ਭੁਪਿੰਦਰ ਯਾਦਵ, ਅਰੁਣ ਸਿੰਘ ਤੇ ਕੈਲਾਸ਼ ਵਿਜੈਵਰਗੀਆ ਨੂੰ ਜਿੱਥੇ ਪੁਰਾਣੇ ਚਿਹਰਿਆਂ ਵਜੋਂ ਬਹਾਲ ਰੱਖਿਆ ਗਿਆ ਹੈ, ਉਥੇ ਰਾਮ ਮਾਧਵ, ਪੀ ਮੁਰਲੀਧਰ ਰਾਓ, ਸਰੋਜ ਪਾਂਡੇ ਅਤੇ ਅਨਿਲ ਜੈਨ ਦੀ ਛੁੱਟੀ ਕਰ ਦਿੱਤੀ ਗਈ ਹੈ। ਟੀਮ ਵਿੱਚ ਸ਼ਾਮਲ ਕੀਤੇ ਨਵੇਂ ਮੈਂਬਰਾਂ ’ਚ ਦੁਸ਼ਿਅੰਤ ਕੁਮਾਰ ਗੌਤਮ, ਡੀ ਪੁਰੰਦੇਸ਼ਵਰੀ, ਸੀ ਟੀ ਰਵੀ, ਤਰੁਣ ਚੁੱਘ ਅਤੇ ਦਲੀਪ ਸਾਈਕੀਆ ਸ਼ਾਮਲ ਹਨ। ਪਾਰਲੀਮੈਂਟ ਮੈਂਬਰ ਅਤੇ ਤੇਜ਼ ਤਰਾਰ ਬੁਲਾਰੇ ਤੇਜਸਵੀ ਸੂਰਿਆ ਨੂੰ ਪੂਨਮ ਮਹਾਜਨ ਦੀ ਥਾਂ ਪਾਰਟੀ ਦੇ ਯੂਥ ਵਿੰਗ ਦਾ ਪ੍ਰਧਾਨ ਥਾਪਿਆ ਗਿਆ ਹੈ।

ਇਸ ਮੌਕੇ ਪਾਰਟੀ ਨੇ ਆਪਣੇ ਅਧਿਕਾਰਤ ਬੁਲਾਰਿਆਂ ਦੀ ਸੂਚੀ ਵਧਾ ਕੇ 23 ਕਰ ਦਿੱਤੀ ਹੈ। ਪਾਰਲੀਮੈਂਟ ਮੈਂਬਰ ਅਨਿਲ ਬਲੂਨੀ ਨੂੰ ਮੁੱਖ ਬੁਲਾਰਾ ਥਾਪਿਆ ਗਿਆ ਹੈ, ਉਹ ਪਾਰਟੀ ਦੇ ਮੀਡੀਆ ਹੈਡ ਵੀ ਰਹਿਣਗੇ। ਨਵੇਂ ਬੁਲਾਰਿਆਂ ਵਿੱਚ ਰਾਜਵਰਧਨ ਸਿੰਘ ਰਾਠੌੜ, ਰਾਜੀਵ ਚੰਦਰ ਸ਼ੇਖਰ, ਟੌਮ ਵਡੱਕਨ ਤੇ ਨੌਜਵਾਨ ਦਲਿਤ ਆਗੂ ਗੁਰੂ ਪ੍ਰਕਾਸ਼ ਸ਼ਾਮਲ ਹਨ। ਪੱਛਮੀ ਬੰਗਾਲ ਤੋਂ ਆਗੂ ਮੁਕੁਲ ਰਾਏ ਅਤੇ ਮਹਾਰਾਸ਼ਟਰ ਤੋਂ ਵਿਨੋਦ ਤਾਵੜੇ ਅਤੇ ਪੰਕਜ ਮੁੰਡੇ ਵੀ ਨਵੀਂ ਟੀਮ ਦਾ ਹਿੱਸਾ ਹੋਣਗੇ। ਰਾਏ ਨੂੰ ਜਿੱਥੇ ਪਾਰਟੀ ’ਚ ਉਪ ਪ੍ਰਧਾਨ ਦਾ ਅਹੁਦਾ ਦਿੱਤਾ ਗਿਆ ਹੈ, ਉਥੇ ਮਹਾਰਾਸ਼ਟਰ ਦੇ ਆਗੂਆਂ ਨੂੰ ਸਕੱਤਰ ਬਣਾਇਆ ਗਿਆ ਹੈ। ਉਮਾ ਭਾਰਤੀ, ਸੰਸਦ ਮੈਂਬਰ ਵਿਨੈ ਸਹਿਸਤਰਬੁੱਧੇ, ਪ੍ਰਭਾਤ ਝਾਅ, ਓਮ ਪ੍ਰਕਾਸ਼ ਮਾਥੁਰ ਤੇ ਸ਼ਿਆਮ ਜਾਜੂ ਨੂੰ ਉਪ ਪ੍ਰਧਾਨ ਦੇ ਅਹੁਦਿਆਂ ਤੋਂ ਲਾਂਭੇ ਕੀਤਾ ਗਿਆ ਹੈ।

# ਆਈਲੈਟਸ ਪਾਸ ਕੁੜੀਆਂ ਨੇ ਪਰਵਾਰਾਂ ਸਮੇਤ ਲਾੜੇ ਵਾਹਣੀਂ ਪਾਏ

*** ਵਿਦੇਸ਼ ਮੰਗਵਾਉਣ ਦੇ ਨਾਂਅ ’ਤੇ 1.28 ਕਰੋੜ ਦੀ ਠੱਗੀ**




ਜਗਰਾਉਂ, 27 ਸਤੰਬਰ (ਪੋਸਟ ਬਿਊਰੋ)- ਆਈਲੈਟਸ ਪਾਸ ਲੜਕੀਆਂ ਵੱਲੋਂ ਨੌਜਵਾਨਾਂ ਨਾਲ ਧੋਖਾ ਕਰਨ ਦੇ ਕੇਸ ਲਗਾਤਾਰ ਵਧ ਰਹੇ ਹਨ ਅਤੇ ਪੀੜਤ ਨੌਜਵਾਨ ਤੇ ਉਨ੍ਹਾਂ ਦੇ ਮਾਪੇ ਪੁਲਸ ਕੋਲ ਧੱਕੇ ਖਾ ਰਹੇ ਹਨ।

ਕੁਝ ਦਿਨ ਪਹਿਲਾਂ ਥਾਣਾ ਸਦਰ ਦੇ ਪਿੰਡ ਕੁਲਾਰ ਤੋਂ ਰਵਿੰਦਰ ਸਿੰਘ ਸਾਬਕਾ ਫੌਜੀ ਦੇ ਪੁੱਤਰ ਕਮਲਪ੍ਰੀਤ ਸਿੰਘ ਦਾ ਵਿਆਹ ਮਾਲੇਰ ਕੋਟਲਾ ਦੇ ਪਿੰਡ ਬੁੱਕਣ ਵਾਲਾ ਦੀ ਲੜਕੀ ਜਸ਼ਨਪ੍ਰੀਤ ਕੌਰ ਨਾਲ ਹੋਇਆ। ਲੜਕੀ ਤੇ ਏਜੰਟ ਵਿਚੋਲੇ ਉੱਤੇ ਪੀੜਤ ਪਰਵਾਰ ਨੇ 29 ਲੱਖ ਰੁਪਏ ਠੱਗਣ ਦੇ ਦੋਸ਼ ਲਾਏ ਹਨ। ਇਸੇ ਤਰ੍ਹਾਂ ਹੀ ਪਿੰਡ ਮਲਕ ਦੇ ਪ੍ਰਿਤਪਾਲ ਸਿੰਘ ਬੱਧਨੀ ਕਲਾਂ ਦੀ ਲੜਕੀ ਜਸਪ੍ਰੀਤ ਕੌਰ ਨੇ ਵਿਆਹ ਪਿੱਛੋਂ ਪੜ੍ਹਾਈ ਵਾਸਤੇ ਕੈਨੇਡਾ ਜਾਣ ਲਈ 35 ਲੱਖ ਦੀ ਠੱਗੀ ਮਾਰੀ ਹੈ। ਤੀਸਰਾ ਕੇਸ ਥਾਣਾ ਹਠੂਰ ਦੀ ਪੁਲਸ ਨੇ ਪਿੰਡ ਕਮਾਲਪੁਰਾ ਦੇ ਲੜਕੇ ਕਮਲਪ੍ਰੀਤ ਸਿੰਘ ਤੇ ਉਸ ਦੇ ਪਿਤਾ ਸਿਕੰਦਰ ਸਿੰਘ ਦੇ ਬਿਆਨਾਂ ’ਤੇ ਪਿੰਡ ਸਮਾਣਾ (ਘੱਗਾ ਰੋਡ) ਪਟਿਆਲਾ ਦੀ ਬਬਨੀਤ ਕੌਰ ਪੁੱਤਰੀ ਕੁਲਦੀਪ ਸਿੰਘ ਦੇ ਖਿਲਾਫ 26 ਲੱਖ ਦੀ ਧੋਖਾਧੜੀ ਦੇ ਸੰਬੰਧ ਵਿੱਚ ਜਾਂਚ ਪਿੱਛੋਂ ਦਰਜ ਕੀਤਾ। ਚੌਥੇ ਕੇਸ ਵਿੱਚ ਥਾਣਾ ਸਦਰ ਦੀ ਪੁਲਸ ਨੇ ਪਿੰਡ ਢੋਲਣ ਦੇ ਨਿਰੰਜਣ ਸਿੰਘ ਦੀ ਸ਼ਿਕਾਇਤ ’ਤੇ 38 ਲੱਖ ਠੱਗਣ ਦੇ ਦੋਸ਼ ਹੇਠ ਲੜਕੀ ਹਰਵਿੰਦਰ ਕੌਰ ਤੇ ਉਸ ਦੇ ਪਰਵਾਰ ਨਵੀਂ ਆਬਾਦੀ ਅਕਾਲਗੜ੍ਹ (ਸੁਧਾਰ) ਉੱਤੇ ਪਰਚਾ ਦਰਜ ਕੀਤਾ ਹੈ। ਡੀ ਐਸ ਪੀ ਦਿਲਬਾਗ ਸਿੰਘ ਬਾਠ ਨੇ ਮੰਨਿਆ ਕਿ ਇਹੋ ਜਿਹੇ ਕੇਸ ਵਧ ਰਹੇ ਹਨ। ਉਨ੍ਹਾਂ ਨੇ ਇਨ੍ਹਾਂ ਕੇਸਾਂ ਪਿੱਛੇ ਨੌਜਵਾਨ ਪੀੜ੍ਹੀ ਦੇ ਮਨਾਂ ਵਿੱਚ ਵਧ ਰਹੀ ਵਿਦੇਸ਼ ਜਾਣ ਦੀ ਲਾਲਸਾ ਅਤੇ ਲੜਕੀਆਂ ਨੂੰ ਆਪਣੇ ਸਵਾਰਥਾਂ ਲਈ ਮਾਪਿਆਂ ਵੱਲੋਂ ਪੈਸੇ ਕਮਾਉਣ ਦਾ ਜ਼ਰੀਆ ਬਣਾਉਣ ਨੂੰ ਆਖਿਆ।

# ਏਜੰਟ ਨੂੰ ਪੈਸੇ ਦੇਣ ਦੇ ਬਹਾਨੇ ਸੱਦ ਕੇ ਗ੍ਰਿਫਤਾਰ ਕਰਵਾਇਆ

ਜਲੰਧਰ, 27 ਸਤੰਬਰ (ਪੋਸਟ ਬਿਊਰੋ)- ਵਿਦੇਸ਼ ਭੇਜਣ ਦੇ ਬਹਾਨੇ ਠੱਗੀ ਹੋਣ ’ਤੇ ਅਕਸਰ ਪੀੜਤ ਹੀ ਟਰੈਵਲ ਏਜੰਟ ਜਾਂ ਪੁਲਸ ਦੇ ਚੱਕਰ ਕੱਟਦੇ ਰਹਿੰਦੇ ਜਾਂਦੇ ਹਨ, ਪਰ ਪਟਿਆਲਾ ਦੇ ਇੱਕ ਪੀੜਤ ਨੇ ਦਿੱਲੀ ਦੇ ਠੱਗ ਨੂੰ ਚੰਗੀ ਤਰ੍ਹਾਂ ਸਬਕ ਸਿਖਾਇਆ ਹੈ। ਪੈਸੇ ਲੈਣ ਦੇ ਬਾਵਜੂਦ ਉਸ ਦੇ ਭਾਣਜੇ ਤੇ ਦੋਸਤ ਦੇ ਰਿਸ਼ਤੇਦਾਰ ਨੂੰ ਇੰਗਲੈਂਡ ਨਾ ਭੇਜਿਆ ਅਤੇ ਪੈਸਿਆਂ ਦੀ ਮੰਗ ਕਰਦਾ ਰਿਹਾ ਤਾਂ ਪੀੜਤ ਨੇ ਠੱਗ ਟਰੈਵਲ ਏਜੰਟ ਨੂੰ ਪੈਸੇ ਦੇਣ ਦੇ ਬਹਾਨੇ ਜਲੰਧਰ ਬੁਲਾ ਲਿਆ। ਉਸ ਕੋਲੋਂ ਉਸ ਦੀ ਗੱਡੀ ਦਾ ਨੰਬਰ ਤੇ ਰੰਗ ਵੀ ਪੁੱਛ ਲਿਆ ਤੇ ਫਿਰ ਟਰੈਵਲ ਏਜੰਟ ਦੇ ਜਲੰਧਰ ਆਉਣ ਤੋਂ ਪਹਿਲਾਂ ਸ਼ਿਕਾਇਤ ਕਰ ਕੇ ਪੁਲਸ ਦਾ ਨਾਕਾ ਲਵਾ ਦਿੱਤਾ। ਪੁਲਸ ਦੀ ਸਪੈਸ਼ਲ ਆਪਰੇਸ਼ਨ ਯੂਨਿਟ ਨੇ ਲੱਖਾਂ ਰੁਪਏ ਹੋਰ ਮਿਲਣ ਦੀ ਆਸ ਵਿੱਚ ਦਿੱਲੀ ਤੋਂ ਪੁੱਜੇ ਠੱਗ ਟਰੈਵਲ ਏਜੰਟ ਨੂੰ ਚਿਕ-ਚਿਕ ਚੌਕ ਤੋਂ ਫੜ ਲਿਆ। ਉਸ ਤੋਂ ਪੁਲਸ ਨੂੰ ਦਸਤਾਵੇਜ਼ ਬਰਾਮਦ ਹੋਏ ਹਨ। ਇਸ ਦੇ ਬਾਅਦ ਉਸ ਨੂੰ ਕਾਬੂ ਕਰ ਕੇ ਰਿਮਾਂਡ ’ਤੇ ਲਿਆ ਗਿਆ ਹੈ।



ਪਤਾ ਲੱਗਾ ਹੈ ਕਿ ਪਟਿਆਲਾ ਦੀ ਸਰਹਿੰਦ ਰੋਡ ਉੱਤੇ ਗਾਰਡਨ ਹਾਈਟਸ ਦੇ ਵਸਨੀਕ ਜੋਗਾ ਸਿੰਘ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਅਕਤੂਬਰ 2019 ਵਿੱਚ ਉਨ੍ਹਾਂ ਦੀ ਮੁਲਾਕਾਤ ਜਲੰਧਰ ਵਿੱਚ ਕਠਾਰ ਨੇੜੇ ਪਿੰਡ ਘੜਿਆਲ ਦੇ ਰਹਿਣ ਵਾਲੇ ਕਰਮਜੀਤ ਸਿੰਘ ਉਰਫ ਰਾਣਾ ਨਾਲ ਹੋਈ ਸੀ। ਰਾਣਾ ਨਵੀਂ ਦਿੱਲੀ ਵਿੱਚ ਰਮੇਸ਼ ਨਗਰ ਦੀ ਸਿਰਾਲ ਸਟੋਰੀ ’ਚ ਰਹਿੰਦਾ ਅਤੇ ਟਰੈਵਲ ਏਜੰਟ ਦਾ ਕੰਮ ਕਰਦਾ ਸੀ। ਉਸ ਨੇ ਕਿਹਾ ਕਿ ਉਹ ਨੌਜਵਾਨਾਂ ਨੂੰ ਇੰਗਲੈਂਡ ਸਮੇਤ ਦੂਜੇ ਦੇਸ਼ਾਂ ਵਿੱਚ ਪੱਕੇ ਤੌਰ ’ਤੇ ਭੇਜਦਾ ਹੈ ਤਾਂ ਉਹ ਵੀ ਰਾਣਾ ਦੀਆਂ ਗੱਲਾਂ ਵਿੱਚ ਆ ਗਏ। ਜੋਗਾ ਸਿੰਘ ਨੇ ਹਰਿਆਣਾ ਦੇ ਕਰਨਾਲ ਜ਼ਿਲ੍ਹੇ ਦੇ ਪਿੰਡ ਬੈਸਲ ਵਿੱਚ ਰਹਿਣ ਵਾਲੇ ਆਪਣੇ ਭਾਣਜੇ ਮਨਜੀਤ ਸਿੰਘ ਅਤੇ ਉਨ੍ਹਾਂ ਦੇ ਦਿੱਲੀ ਦੇ ਸ਼ਾਰਦਾਪੁਰੀ ਵਿੱਚ ਰਹਿਣ ਵਾਲੇ ਦੋਸਤ ਅਜੀਤ ਸਿੰਘ ਨੇ ਕਪੂਰਥਲਾ ਦੇ ਪਿੰਡ ਬੂਹ ਦੇ ਵਸਨੀਕ ਰਿਸ਼ਤੇਦਾਰ ਗੁਰਵਿੰਦਰ ਸਿੰਘ ਨੂੰ ਇੰਗਲੈਂਡ ਭੇਜਣ ਬਾਰੇ ਗੱਲ ਕੀਤੀ। ਟਰੈਵਲ ਏਜੰਟ ਰਾਣਾ ਨੇ ਕਿਹਾ ਕਿ ਦੋਵਾਂ ਨੂੰ ਇੰਗਲੈਂਡ ਸ਼ਿਪਿੰਗ ਲਾਈਨ ਵਿੱਚ ਭੇਜ ਦੇਣਗੇ ਤੇ ਇਸ ਦੇ ਲਈ ਪ੍ਰਤੀ ਵਿਅਕਤੀ 12-12 ਲੱਖ ਰੁਪਏ ਲੱਗਣਗੇ। ਇੱਕ-ਇੱਕ ਲੱਖ ਰੁਪਏ ਉਹ ਪਾਸਪੋਰਟ ਨਾਲ ਐਡਵਾਂਸ ਲਵੇਗਾ। ਨਵੰਬਰ ਦੇ ਆਖਰੀ ਹਫਤੇ ਵਿੱਚ ਜੋਗਾ ਸਿੰਘ ਤੇ ਉਸ ਦੇ ਦੋਸਤ ਅਜੀਤ ਨੇ ਜਲੰਧਰ ਆ ਕੇ ਕਰਮਜੀਤ ਰਾਣਾ ਨੂੰ ਪਾਸਪੋਰਟ ਤੇ ਇੱਕ-ਇੱਕ ਲੱਖ ਰੁਪਏ ਐਡਵਾਂਸ ਦੇ ਦਿੱਤਾ।

ਜੋਗਾ ਸਿੰਘ ਨੇ ਦੱਸਿਆ ਕਿ ਕੁਝ ਦਿਨ ਬਾਅਦ ਟਰੈਵਲ ਏਜੰਟ ਕਰਮਜੀਤ ਰਾਣਾ ਨੇ ਕਿਹਾ ਕਿ ਇੰਗਲੈਂਡ ਭੇਜੇ ਜਾ ਰਹੇ ਦੋਵਾਂ ਨੌਜਵਾਨਾਂ ਦਾ ਬਤੌਰ ਸੇਲਰ (ਸਮੁੰਦਰੀ ਕਰਮਚਾਰੀ) ਸੀ ਡੀ ਸੀ ਸਰਟੀਫਿਕੇਟ ਬਣਵਾਉਣਾ ਹੈ, ਇਸ ਦੇ ਲਈ ਉਸ ਨੇ ਤੀਹ ਹਜ਼ਾਰ ਰੁਪਏ ਮੰਗੇ ਤਾਂ ਉਨ੍ਹਾਂ ਪੈਸੇ ਭੇਜ ਦਿੱਤੇ ਅਤੇ ਫਿਰ ਉਨ੍ਹਾਂ ਨੂੰ ਸੀ ਡੀ ਸੀ ਸਰਟੀਫਿਕੇਟ ਬਣਾ ਕੇ ਦੇ ਦਿੱਤਾ ਤੇ ਉਸ ਦੀ ਕਾਪੀ ਖੁਦ ਰੱਖ ਲਈ। ਫਿਰ ਨਵੀਂ ਦਿੱਲੀ ਰਿੰਗ ਰੋਡ ’ਤੇ ਰਾਜਾ ਗਾਰਡਨ ਚੌਕ ਕੋਲ ਦੋਵਾਂ ਕੋਲੋਂ 4-4 ਚਾਰ ਲੱਖ ਰੁਪਏ ਲੈ ਲਏ। ਇਸ ਪਿੱਛੋਂ ਉਨ੍ਹਾਂ ਦੇ ਭਾਣਜੇ ਅਤੇ ਦੋਸਤ ਦੇ ਰਿਸ਼ਤੇਦਾਰ ਨੂੰ ਵਿਦੇਸ਼ ਨਹੀਂ ਭੇਜਿਆ ਅਤੇ ਉਸ ਨੇ ਹੋਰ ਪੈਸਿਆਂ ਦੀ ਮੰਗ ਕੀਤੀ। ਇਸ ਦੌਰਾਨ ਉਨ੍ਹਾਂ ਨੂੰ ਪਤਾ ਲੱਗਾ ਕਿ ਦੋਵੇਂ ਨੌਜਵਾਨਾਂ ਦੇ ਜਿਹੜੇ ਸੀ ਡੀ ਸੀ ਉਨ੍ਹਾਂ ਨੂੰ ਦਿੱਤੇ ਗਏ ਹਨ, ਉਹ ਵੀ ਫਰਜ਼ੀ ਹਨ। ਫਿਰ ਉਨ੍ਹਾਂ ਨੇ ਪੁਲਸ ਕੋਲ ਪਹੁੰਚ ਕੀਤੀ।

ਏ ਐਸ ਆਈ ਜਸਵਿੰਦਰ ਸਿੰਘ ਨੇ ਟਰੈਵਲ ਏਜੰਟ ਕਰਮਜੀਤ ਰਾਣਾ ਦੀ ਗ੍ਰਿਫਤਾਰੀ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਉਸ ਨੂੰ ਅਦਾਲਤ ਵਿੱਚ ਪੇਸ਼ ਕਰਨ ਤੋਂ ਬਾਅਦ ਦੋ ਦਿਨ ਦੇ ਪੁਲਸ ਰਿਮਾਂਡ ’ਤੇ ਲਿਆ ਗਿਆ ਹੈ। ਉਸ ਕੋਲੋਂ ਫਰਜ਼ੀ ਨੇਵੀ ਸਰਟੀਫਿਕੇਟ ਬਣਾਉਣ ਤੇ ਪੈਸਿਆਂ ਦੀ ਠੱਗੀ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਹੈ।

# ਵਿਦੇਸ਼ ਤੋਂ ਪੜ੍ਹਨ ਆਈ ਲੜਕੀ ਨੂੰ ਅਸ਼ਲੀਲ ਮੈਸੇਜ ਭੇਜਣ ਵਾਲਾ ਕਾਬੂ

ਜਲੰਧਰ, 27 ਸਤੰਬਰ (ਪੋਸਟ ਬਿਊਰੋ)- ਇੱਕ 14 ਸਾਲਾਂ ਦੀ ਅਮਰੀਕਨ ਸਿਟੀਜਨ ਲੜਕੀ ਨੂੰ ਇੱਕ ਨੌਜਵਾਨ ਨੇ ਨਾ ਕੇਵਲ ਅਸ਼ਲੀਲ ਮੈਸੇਜ ਭੇਜੇ, ਸਗੋਂ ਇਤਰਾਜ਼ ਯੋਗ ਭਾਸ਼ਾ ਦੀ ਵਰਤੋਂ ਕੀਤੀ ਅਤੇ ਲੜਕੀ ਨੂੰ ਡਰੱਗਸ ਲੈਣ ਦੇ ਲਈ ਵੀ ਉਕਸਾਇਆ। ਇਸ ਬਾਰੇ ਜਲੰਧਰ ਪੁਲਸ ਨੇ ਦੋਸ਼ੀ ਨੂੰ ਹਰਿਆਣਾ ਦੇ ਗੁਰੂਗ੍ਰਾਮ ਤੋਂ ਗ੍ਰਿਫਤਾਰ ਕਰ ਲਿਆ ਹੈ।

ਪਤਾ ਲੱਗਾ ਹੈ ਕਿ ਅਮਰੀਕਾ ਵਿੱਚ ਜਨਮੀ ਲੜਕੀ ਡਿਪਰੈਸ਼ਨ ਦਾ ਸ਼ਿਕਾਰ ਹੋ ਗਈ ਸੀ, ਜਿਸ ਦੇ ਬਾਅਦ ਉਸ ਦੀ ਮਾਂ ਨੇ ਸਾਰੀ ਕਹਾਣੀ ਸਥਾਨਕ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੂੰ ਦੱਸੀ। ਪੁਲਸ ਨੇ ਉਚ ਪੱਧਰੀ ਜਾਂਚ ਦੇ ਬਾਅਦ ਗੁਰੂਗ੍ਰਾਮ ਦੇ ਵਸਨੀਕ ਹਾਰਦਿਕ ਅਰੋੜਾ ਦੇ ਖਿਲਾਫ ਕੇਸ ਦਰਜ ਕਰ ਕੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਤੇ ਉਸ ਨੂੰ ਜਲੰਧਰ ਸਦਰ ਥਾਣੇ ਵਿੱਚ ਲਿਆਂਦਾ ਹੈ। ਬੱਚੀ ਏਥੋਂ ਦੇ ਇੱਕ ਨਾਮਵਰ ਸਕੂਲ ਵਿੱਚ ਪੜ੍ਹਦੀ ਹੈ ਤੇ ਪਰਵਾਰ ਦੇ ਮੈਂਬਰ ਡੂੰਘੇ ਸਦਮੇ ਵਿੱਚ ਹਨ। ਇਕ ਪਰਵਾਰ ਅਮਰੀਕਾ ਤੋਂ ਭਾਰਤ ਵਿੱਚ ਵੱਸਣ ਦੀ ਇੱਛਾ ਨਾਲ ਵਾਪਸ ਆਇਆ ਸੀ। ਲੜਕੀ ਦੀ ਮਾਂ ਨੇ ਦੱਸਿਆ ਕਿ ਬੱਚੀ ਨੇ ਖੁਦ ਹੌਸਲਾ ਕੀਤਾ ਅਤੇ ਮੈਨੂੰ ਇਸ ਗੱਲ ਦੇ ਲਈ ਤਿਆਰ ਕੀਤਾ ਕਿ ਦੋਸ਼ੀ ਨੌਜਵਾਨ ਨੂੰ ਸਬਕ ਸਿਖਾਇਆ ਜਾਣਾ ਜ਼ਰੂਰੀ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਮਹਿਲਾ ਨੇ ਕਿਹਾ ਕਿ ਉਸ ਦੀ ਧੀ ਦੀ ਫੇਸਬੁਕ ’ਤੇ, ਬਾਅਦ ਵਿੱਚ ਵਟਸਐਪ ’ਤੇ ਅਸ਼ਲੀਲ ਮੈਸੇਜ ਹਾਰਦਿਕ ਅਰੋੜਾ ਨੇ ਆਪਣੇ ਮੋਬਾਈਲ ’ਚੋਂ ਭੇਜੇ ਸਨ ਅਤੇ ਸਾਰੇ ਅਸ਼ਲੀਲ ਮੈਸੇਜ ਦੇ ਇਲਾਵਾ ਇੱਕ ਅਸ਼ਲੀਲ ਵੀਡੀਓ ਵੀ ਭੇਜੀ ਸੀ। ਬੱਚੀ ਦੀ ਮਾਂ ਨੇ ਉਕਤ ਨੌਜਵਾਨ ਨੂੰ ਮੈਸੇਜ ਕਰ ਕੇ ਗੱਲ ਕੀਤੀ ਤਾਂ ਉਹ ਮਾਂ ਦੇ ਵਿਰੁੱਧ ਵੀ ਇਤਰਾਜ਼ ਯੋਗ ਸ਼ਬਦਾਵਲੀ ਵਰਤਣ ਲੱਗਾ। ਆਖਰ ਪੁਲਸ ਨੇ ਅੱਠ ਸਤੰਬਰ ਨੂੰ ਆਈ ਟੀ ਐਕਟ ਅਤੇ ਕਈ ਧਾਰਾਵਾਂ ਹੇਠ ਕੇਸ ਦਰਜ ਕਰ ਲਿਆ। ਬੀਤੇ ਦਿਨ ਇੱਕ ਪੁਲਸ ਟੀਮ ਨੇ ਦੋਸ਼ੀ ਨੂੰ ਗੁਰੂਗ੍ਰਾਮ ਤੋਂ ਗ੍ਰਿਫਤਾਰ ਕਰ ਲਿਆ ਹੈ ਅਤੇ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

# ਸ਼੍ਰੋਮਣੀ ਕਮੇਟੀ ਨਵੇਂ ਜਥੇਦਾਰ ਦੀ ਭਾਲ ਵਿੱਚ ਘੁੰਮਣ ਲੱਗੀ

ਅੰਮ੍ਰਿਤਸਰ, 27 ਸਤੰਬਰ (ਪੋਸਟ ਬਿਊਰੋ)- ਸ੍ਰੀ ਅਕਾਲ ਤਖਤ ਦਾ ਨਵਾਂ ਜਥੇਦਾਰ ਬਣਾਉਣ ਲਈ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਨੂੰ ਇੱਕ ਪੰਥ ਵਿੱਚ ਵਿਚਰਨ ਵਾਲਾ ਉਹ ਚਿਹਰਾ, ਜਿਹੜਾ ਸਮੁੱਚੇ ਸਿੱਖ ਪੰਥ ਨੂੰ ਪ੍ਰਵਾਨ ਹੋਵੇ, ਨਹੀਂ ਲੱਭ ਰਿਹਾ ਅਤੇ ਇਸ ਤਰ੍ਹਾਂ ਦੇ ਚਿਹਰੇ ਦੀ ਭਾਲ ਵਿੱਚ ਸ਼੍ਰੋਮਣੀ ਕਮੇਟੀ ਲਗਾਤਾਰ ਸਰਗਰਮੀ ਕਰ ਰਹੀ ਹੈ।

ਪਤਾ ਲੱਗਾ ਹੈ ਕਿ ਸੰਨ 2015 ਵਿੱਚ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫੀ ਦੇਣ ਦੇ ਕਾਰਨ ਜਿਹੜੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਬਹੁਤ ਬਦਨਾਮੀ ਹੋਈ ਸੀ, ਉਸ ਵੱਲੋਂ 22 ਅਕਤੂਬਰ 2018 ਨੂੰ ਦਿੱਤਾ ਅਸਤੀਫੇ ਪ੍ਰਵਾਨ ਕਰਨ ਤੋਂ ਬਾਅਦ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸ਼੍ਰੋਮਣੀ ਕਮੇਟੀ ਨੇ ਸ੍ਰੀ ਅਕਾਲ ਤਖਤ ਦਾ ਕਾਰਜਕਾਰੀ ਜਥੇਦਾਰ ਵਜੋਂ ਵਾਧੂ ਚਾਰਜ ਸੌਂਪਿਆ ਸੀ ਅਤੇ ਓਦੋਂ ਕਿਹਾ ਸੀ ਕਿ ਜਲਦੀ ਹੀ ਸ੍ਰੀ ਅਕਾਲ ਤਖਤ ਦਾ ਸਥਾਈ ਜਥੇਦਾਰ ਨਿਯੁਕਤ ਕਰ ਦਿੱਤਾ ਜਾਵੇਗਾ, ਪਰ 23 ਮਹੀਨੇ ਬੀਤਣ ਤੋਂ ਬਾਅਦ ਵੀ ਸ਼੍ਰੋਮਣੀ ਕਮੇਟੀ ਨੂੰ ਜਥੇਦਾਰ ਦੀ ਇਸ ਅਹਿਮ ਜ਼ਿੰਮੇਵਾਰੀ ਲਈ ਕੋਈ ਅਜਿਹੀ ਸ਼ਖਸੀਅਤ ਲੱਭ ਸਕੀ ਹੈ, ਜੋ ਸ੍ਰੀ ਅਕਾਲ ਤਖਤ ਦਾ ਜਥੇਦਾਰ ਬਣ ਕੇ ਪੰਥ ਦੀ ਨੁਮਾਇੰਦਗੀ ਕਰ ਸਕੇ।

ਗਿਆਨੀ ਹਰਪ੍ਰੀਤ ਸਿੰਘ ਲਗਾਤਾਰ ਸ੍ਰੀ ਅਕਾਲ ਤਖਤ ਵਿਖੇ ਆ ਰਹੇ ਮਸਲਿਆਂ ਨੂੰ ਨਿਬੇੜ ਰਹੇ ਹਨ ਅਤੇ ਉਨ੍ਹਾਂ ਵਿੱਚੋਂ ਕੁਝ ਮੁੱਦੇ ਪੰਥ ਪ੍ਰਵਾਨਤ ਵੀ ਹੋ ਰਹੇ ਹਨ ਤੇ ਕੁਝ ਮਸਲੇ ਫਿਰ ਵਿਵਾਦਾਂ ਵਿੱਚ ਵੀ ਘਿਰ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਵਿੱਚੋਂ ਘਟੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪਾਂ ਦਾ ਮੁੱਦਾ ਵੀ ਵਿਵਾਦਾਂ ਵਿੱਚ ਹੈ। ਇਸ ਵੇਲੇ ਸ਼੍ਰੋਮਣੀ ਕਮੇਟੀ ਨੂੰ ਜਿੱਥੇ ਕੋਈ ਯੋਗ ਜਥੇਦਾਰ ਨਹੀਂ ਲੱਭ ਰਿਹਾ, ਉਥੇ ਪੰਜਾਂ ਜਥੇਦਾਰਾਂ ਦੀ ਬੈਠਕ ਵਿੱਚ ਪਹਿਲਾਂ ਦੋ ਤਖਤਾਂ ਦੇ ਇੱਕੋ ਜਥੇਦਾਰ ਹੋਣ ਨਾਤੇ ਗਿਆਨੀ ਹਰਪ੍ਰੀਤ ਸਿੰਘ ਹਾਜ਼ਰ ਹੁੰਦੇ ਹਨ। ਇਸ ਕਾਰਨ ਇੱਕ ਜਥੇਦਾਰ ਘਟ ਜਾਂਦਾ ਹੈ ਤੇ ਦੂਸਰੇ ਪਾਸੇ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਬਾਬਾ ਕੁਲਵੰਤ ਸਿੰਘ ਕਦੇ ਵੀ ਪੰਜ ਤਖਤਾਂ ਦੇ ਜਥੇਦਾਰਾਂ ਦੀ ਮੀਟਿੰਗ ਵਿੱਚ ਨਹੀਂ ਆਏ। ਅਪ੍ਰੈਲ 2020 ਦੀ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਆਨਲਾਈਨ ਕੀਤੀ ਗਈ ਤਾਂ ਪਹਿਲੀ ਵਾਰ ਜਥੇਦਾਰ ਕੁਲਵੰਤ ਸਿੰਘ ਨੇ ਵੀਡੀਓ ਕਾਨਫਰੰਸ ਰਾਹੀਂ ਸ਼ਾਮਲ ਹੋਏ ਸਨ।

# ਫੇਸਬੁੱਕ ’ਤੇ ਲਾਈਵ ਹੋ ਕੇ ਕਿਸਾਨ ਵੱਲੋਂ ਖੁਦਕੁਸ਼ੀ

ਰਾਜਾਸਾਂਸੀ, 27 ਸਤੰਬਰ (ਪੋਸਟ ਬਿਊਰੋ)- ਸਰਹੱਦੀ ਤਹਿਸੀਲ ਅਜਨਾਲਾ ਦੇ ਪਿੰਡ ਉਚਾ ਕਿਲ੍ਹਾ ਹਰਸ਼ਾ ਛੀਨਾ ਦੇ ਇੱਕ ਕਿਸਾਨ ਰਣਜੀਤ ਸਿੰਘ (42) ਨੇ ਆੜ੍ਹਤੀਆਂ ਵੱਲੋਂ ਪਰੇਸ਼ਾਨ ਕਰਨ ਉੱਤੇ ਖੁਦਕੁਸ਼ੀ ਕਰ ਲਈ ਹੈ। ਖੁਦਕੁਸ਼ੀ ਕਰਨ ਤੋਂ ਪਹਿਲਾਂ ਫੇਸਬੁੱਕ ਉੱਤੇ ਲਾਈਵ ਹੋ ਕੇ ਖੁਦਕੁਸ਼ੀ ਨੋਟ ਵਿੱਚ ਰਣਜੀਤ ਸਿੰਘ ਨੇ ਜਗਰੂਪ ਸਿੰਘ ਅਤੇ ਛਿੰਦੂ ਆੜ੍ਹਤੀਆਂ ਵਰਨਾਲੀ ਦਾ ਨਾਂਅ ਲੈ ਕੇ ਦੱਸਿਆ ਕਿ ਉਸ ਨੇ ਇਨ੍ਹਾਂ ਤੋਂ



ਪੈਸੇ ਲਏ ਸਨ, ਜੋ ਉਸ ਨੇ ਬਾਅਦ ਵਿੱਚ ਮੋੜ ਵੀ ਦਿੱਤੇ ਸਨ। ਫਿਰ ਵੀ ਉਸ ਨੂੰ ਉਕਤ ਵਿਅਕਤੀ ਪਰੇਸ਼ਾਨ ਕਰ ਰਹੇ ਸਨ, ਜਿਸ ਕਾਰਨ ਉਹ ਮੌਤ ਨੂੰ ਗਲੇ ਲਾ ਰਿਹਾ ਹੈ।

ਮ੍ਰਿਤਕ ਦੇ ਭਰਾ ਕਰਮਜੀਤ ਸਿੰਘ ਨੇ ਦੱਸਿਆ ਕਿ ਉਸ ਦੇ ਭਰਾ ਨੇ ਦੋ ਜਣਿਆਂ ਤੋਂ ਪੈਸੇ ਲਏ ਤੇ ਉਸ ਨੇ ਉਨ੍ਹਾਂ ਨੂੰ ਪੈਸੇ ਵਾਪਸ ਕਰ ਦਿੱਤੇ ਸਨ, ਪਰ ਉਹ ਲੋਕ ਰਣਜੀਤ ਸਿੰਘ ਨੂੰ ਫਿਰ ਵੀ ਪ੍ਰੇਸ਼ਾਨ ਕਰਦੇ ਸਨ। ਉਨ੍ਹਾ ਨੇ ਉਸ (ਕਰਮਜੀਤ ਸਿੰਘ) ਦੇ ਖਿਲਾਫ ਵੀ ਦਰਖਾਸਤ ਦਿੱਤੀ ਹੋਈ ਹੈ ਜਿਸ ਕਾਰਨ ਇਨ੍ਹਾਂ ਤੋਂ ਦੁਖੀ ਹੋ ਕੇ ਉਸ ਦੇ ਭਰਾ ਨੇ ਖੁਦਕੁਸ਼ੀ ਕਰ ਲਈ। ਪੁਲਸ ਨੇ ਮ੍ਰਿਤਕ ਦੇ ਭਰਾ ਦੇ ਬਿਆਨ ’ਤੇ ਦੋਵਾਂ ਮੁਲਜ਼ਮਾਂ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ।

# ਯੂਕਰੇਨ ਦੇ ਫੌਜੀ ਜਹਾਜ਼ ਨੂੰ ਹਾਦਸੇ ਵਿਚ 26 ਦੀ ਮੌਤ



ਕੀਵ, 27 ਸਤੰਬਰ (ਪੋਸਟ ਬਿਊਰੋ)- ਯੂਕਰੇਨ ਵਿੱਚ ਫੌਜ ਦੇ ਟਰਾਂਸਪੋਰਟ ਜਹਾਜ਼ ਨੂੰ ਪੇਸ਼ ਆਏ ਹਾਦਸੇ ਕਾਰਨ ਉਸ ਵਿੱਚ ਸਵਾਰ ਹਵਾਈ ਫੌਜ ਦੇ ਕੈਡਿਟਾਂ ਸਣੇ 26 ਦੀ ਮੌਤ ਹੋ ਗਈ ਹੈ।

ਇੱਕ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਐਂਟੋਨੋਵ ਏ ਐਨ-26 ਜਹਾਜ਼ ਟਰੇਨਿੰਗ ਦੌਰਾਨ ਜਦੋਂ ਉਤਰ ਰਿਹਾ ਸੀ ਤਾਂ ਹਾਦਸੇ ਦਾ ਸ਼ਿਕਾਰ ਹੋ ਗਿਆ। ਬੁਲਾਰੇ ਨੇ ਦੱਸਿਆ ਕਿ ਹਾਦਸੇ ਵਿੱਚ ਦੋ ਜਣੇ ਗੰਭੀਰ ਜ਼ਖਮੀ ਹੋ ਗਏ। ਡਿਪਟੀ ਗ੍ਰਹਿ ਮੰਤਰੀ ਐਂਟੋਰੀ ਗੇਰਾਸ਼ਚੇਨਕੋ ਵੱਲੋਂ ਫੇਸਬੁੱਕ ਉੱਤੇ ਪਾਈ ਵੀਡੀਓ ਤੋਂ ਲੱਗਦਾ ਹੈ ਕਿ ਜਹਾਜ਼ ਇੱਕ ਸੜਕ ਕਿਨਾਰੇ ਡਿੱਗਾ ਪਿਆ ਹੈ ਤੇ ਉਸ ਵਿੱਚੋਂ ਅੱਗ ਦੀਆਂ ਲਪਟਾਂ ਨਿਕਲ ਰਹੀਆਂ ਹਨ ਤੇ ਰਾਹਤ ਕਾਮੇ ਅੱਗ ਬੁਝਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਜਹਾਜ਼ ਦੇ ਇੱਕ ਪਾਇਲਟ ਨੇ ਲੈਂਡਿੰਗ ਤੋਂ ਪਹਿਲਾਂ ਸੂਚਨਾ ਦਿੱਤੀ ਸੀ ਕਿ ਦੋ ਇੰਜਣ ਵਾਲੇ ਇਸ ਜਹਾਜ਼ ਦਾ ਇੱਕ ਇੰਜਣ ਬੰਦ ਹੋ ਗਿਆ। ਹਾਦਸੇ ਸਮੇਂ ਜਹਾਜ਼ ਵਿੱਚ 27 ਯਾਤਰੀ ਸਵਾਰ ਸਨ, ਜੋ ਖਰਕੀਵ ਯੂਨੀਵਰਸਿਟੀ ਆਫ ਏਅਰਫੋਰਸ ਤੋਂ ਸਨ। ਜਹਾਜ਼ ਹਾਦਸੇ ਵਿੱਚ ਜ਼ਖਮੀ ਹੋਏ ਯਾਤਰੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

# ਇਮਰਾਨ ਸਰਕਾਰ ਵਿੱਚ ਪੱਤਰਕਾਰ ਸੁਰੱਖਿਅਤ ਨਹੀਂ







ਇਸਲਾਮਾਬਾਦ, 27 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਅਗਵਾਈ ਵਾਲੀ ਸਰਕਾਰ ’ਚ ਪੱਤਰਕਾਰ ਸੁਰੱਖਿਅਤ ਨਹੀਂ ਹਨ। ਇਨ੍ਹਾਂ ’ਤੇ ਹਮਲੇ ਵੱਧ ਗਏ ਹਨ। ਇੱਕ ਸਤੰਬਰ 2018 ਤੋਂ ਇਸ ਸਾਲ ਤੀਹ ਜਨਵਰੀ ਤੱਕ ਸੱਤ ਪੱਤਰਕਾਰਾਂ ਤੇ ਇੱਕ ਬਲਾਗਰ ਦੀ ਹੱਤਿਆ ਹੋਈ। ਛੇ ਪੱਤਰਕਾਰਾਂ ਨੂੰ ਅਗਵਾ ਕੀਤਾ ਗਿਆ ਤੇ 15 ਦੇ ਖਿਲਾਫ ਮੁਕੱਦਮੇ ਦਰਜ ਕੀਤੇ ਗਏ। ਇਸ ਤੋਂ ਇਲਾਵਾ ਮੀਡੀਆ ਮੁਲਾਜ਼ਮਾਂ ਖਿਲਾਫ ਅਪਰਾਧ ਦੇ 135 ਮਾਮਲੇ ਵੀ ਸਾਹਮਣੇ ਆਏ, ਜਿਸ ਤੋਂ ਸਥਿਤੀ ਦੀ ਗੰਭੀਰਤਾ ਦਾ ਪਤਾ ਲੱਗਦਾ ਹੈ।

ਡਾਨ ਅਖਬਾਰ ਨੇ ਸਥਾਨਕ ਮੀਡੀਆ ਨਿਗਰਾਨੀ ਫਰੀਡਮ ਨੈਟਵਰਕ ਦੇ ਹਵਾਲੇ ਤੋਂ ਇਹ ਜਾਣਕਾਰੀ ਦਿੱਤੀ। ਇਸ ਸੰਗਠਨ ਨੇ ਇੱਕ ਬਿਆਨ ਵਿੱਚ ਇਹ ਵੀ ਕਿਹਾ ਕਿ ਇਮਰਾਨ ਕੈਬਨਿਟ ਦੇ ਇਸ ਦੌਰ ਵਿੱਚ ਕੁੱਲ 62 ਬੈਠਕਾਂ ਹੋਈਆਂ, ਪਰ ਪੱਤਰਕਾਰਾਂ ’ਤੇ ਹਮਲੇ ਵਰਗੇ ਗੰਭੀਰ ਮਸਲਿਆਂ ’ਤੇ ਇੱਕ ਵਾਰੀ ਵੀ ਚਰਚਾ ਨਹੀਂ ਹੋਈ। ਫਰੀਡਮ ਨੈਟਵਰਕ ਨੇ ਇਸ ਸਾਲ ਫਰਵਰੀ ਵਿੱਚ ਸਰਕਾਰ ਨੂੰ ਪੱਤਰ ਲਿਖ ਕੇ ਪੁੱਛਿਆ ਸੀ ਕਿ ਪੱਤਰਕਾਰਾਂ ’ਤੇ ਵਧਦੇ ਹਮਲੇ ਦੇ ਬਾਰੇ ਕੈਬਨਿਟ ਵਿੱਚ ਕਿੰਨੀ ਵਾਰੀ ਚਰਚਾ ਹੋਈ। ਕੈਬਨਿਟ ਡਵੀਜ਼ਨ ਦੇ ਸੈਕਸ਼ਨ ਅਧਿਕਾਰੀ ਜ਼ਮੀਲ ਅਹਿਮਦ ਨੇ ਇਸ ਬਾਰੇ ਫੈਡਰਲ ਸੂਚਨਾ ਕਮਿਸ਼ਨ ਦੇ ਜ਼ਰੀਏ ਨਿਗਰਾਨੀ ਫਰੀਡਮ ਨੂੰ ਕਿਹਾ ਕਿ ਇੱਕ ਸਤੰਬਰ 2018 ਤੋਂ ਇਸ ਸਾਲ ਤੀਹ ਜਨਵਰੀ ਤੱਕ ਕੈਬਨਿਟ ਦੀਆਂ ਕੁੱਲ 62 ਬੈਠਕਾਂ ਹੀ ਹੋਈਆਂ ਸਨ।




# ਪਾਕਿਸਤਾਨ ਵਿੱਚ 110 ਸਾਲ ਪੁਰਾਣੇ ਹੱਥ ਲਿਖਤ ਸਰੂਪ ਗੁਰੂ ਘਰ ਨੂੰ ਸੌਂਪੇ ਗਏ

ਲਾਹੌਰ, 27 ਸਤੰਬਰ (ਪੋਸਟ ਬਿਊਰੋ)- ਮੁਸਲਿਮ-ਸਿੱਖ ਭਾਈਚਾਰੇ ਦੀ ਸਾਂਝ ਨੂੰ ਪੱਕੀ ਕਰਦਿਆਂ ਪਾਕਿਸਤਾਨ ਦੀ ਇਕ ਸੂਫੀ ਸੰਸਥਾ ਨੇ ਲਗਭਗ ਨੱਬੇ ਵਰ੍ਹਿਆਂ ਤੱਕ ਗੁਰੂ ਗ੍ਰੰਥ ਸਾਹਿਬ ਦੇ 110 ਸਾਲ ਪੁਰਾਣੇ ਦੋ ਹੱਥ ਲਿਖਤ ਸਰੂਪਾਂ ਦੀ ਸੰਭਾਲ ਪਿੱਛੋਂ ਇਨ੍ਹਾਂ ਨੂੰ ਲਹਿੰਦੇ ਪੰਜਾਬ ਦੇ ਸਿਆਲਕੋਟ ’ਚ ਇੱਕ ਗੁਰਦੁਆਰੇ ਨੂੰ ਸੌਂਪ ਦਿੱਤਾ ਹੈ।

ਮੀਡੀਆ ਰਿਪੋਰਟ ਮੁਤਾਬਕ ਪਾਕਿਸਤਾਨ ਦੇ ਪੰਜਾਬ ਵਿੱਚ ਜ਼ਿਲਾ ਗੁਜਰਾਤ ਦੇ ਇੱਕ ਸੂਫੀ ਪਰਵਾਰ ਕੋਲ ਮੌਜੂਦ ਰਹੇ ਇਹ ਪੁਰਾਤਨ ਸਰੂਪ ਸੂਫੀ ਸੰਸਥਾ ‘ਮਿੱਤਰ ਸਾਂਝ ਪੰਜਾਬ’ ਵੱਲੋਂ ਸਿਆਲਕੋਟ ਵਿੱਚ ਗੁਰਦੁਆਰਾ ਬਾਬੇ ਦੀ ਬੇਰੀ ਦੇ ਪ੍ਰਬੰਧਕਾਂ ਨੂੰ ਸੌਂਪ ਦਿੱਤੇ ਗਏ ਹਨ। ਸੂਫੀ ਸੰਸਥਾ ਦੇ ਮੁਖੀ ਇਫਤਿਖਾਰ ਵੜੈਚ ਕਾਲੜਾਵੀ ਨੇ ‘ਐਕਸਪ੍ਰੈਸ ਟ੍ਰਿਬਿਊਨ’ ਨੂੰ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਇਹ ਦੋ ਹੱਥ ਲਿਖੇ ਹੋਏ ਸਰੂਪ ਗੁਜਰਾਤ ਦੇ ਇੱਕ ਪਿੰਡ ਦੇ ਬਜ਼ੁਰਗ ਪੀਰ ਸਈਅਦ ਮੁਨੀਰ ਨਕਸ਼ਬੰਦੀ ਕੋਲ ਲੰਮਾ ਸਮਾਂ ਰਹੇ ਹਨ। ਭਾਈਚਾਰਕ ਸਾਂਝ ਦੇ ਸਮਰਥਕ ਵਜੋਂ ਜਾਣੇ ਜਾਂਦੇ ਨਕਸ਼ਬੰਦੀ ਨੇ ਭਾਰਤ-ਪਾਕਿਸਤਾਨ ਦੀ ਵੰਡ ਸਮੇਂ ਕਈ ਸਿੱਖ ਪਰਵਾਰਾਂ ਨੂੰ ਫਿਰਕੂ ਹਿੰਸਾ ਤੋਂ ਬਚਾ ਕੇ ਆਪਣੇ ਘਰ ਪਨਾਹ ਦਿੱਤੀ ਸੀ। ਇਸ ਤੋਂ ਬਿਨਾ ਉਨ੍ਹਾਂ ਨੇ ਸਿੱਖ ਪਰਵਾਰਾਂ ਦੀਆਂ ਕਈ ਧਾਰਮਿਕ ਪੁਸਤਕਾਂ ਤੇ ਗੁਰੂ ਗ੍ਰੰਥ ਸਾਹਿਬ ਦੇ ਇਨ੍ਹਾਂ ਦੋ ਹੱਥ ਲਿਖਤ ਸਰੂਪਾਂ ਨੂੰ ਬੇਅਦਬੀ ਤੋਂ ਬਚਾਇਆ ਸੀ। ਉਨ੍ਹਾਂ ਦੱਸਿਆ ਕਿ ਸੰਨ 1950 ਵਿੱਚ ਇਸ ਬਜ਼ੁਰਗ ਦੀ ਮੌਤ ਤੋਂ ਬਾਅਦ ਇਨ੍ਹਾਂ ਸਰੂਪਾਂ ਦੀ ਸੰਭਾਲ ਉਨ੍ਹਾਂ ਦੇ ਬੱਚਿਆਂ ਨੇ ਕੀਤੀ, ਜੋ ਅਜੇ ਤੱਕ ਇਨ੍ਹਾਂ ਕੋਲ ਸਨ। ਇਥੋਂ 140 ਕਿਲੋਮੀਟਰ ਦੂਰ ਸਿਆਲਕੋਟ ਵਿਚਲਾ 500 ਸਾਲ ਪੁਰਾਣਾ ਗੁਰਦੁਆਰਾ ਬਾਬੇ ਦੀ ਬੇਰੀ ਪਿਛਲੇ ਵਰ੍ਹੇ ਜੁਲਾਈ ਵਿੱਚ ਭਾਰਤ ਦੀਆਂ ਸਿੱਖ ਸੰਗਤਾਂ ਲਈ ਖੋਲ੍ਹਿਆ ਗਿਆ ਸੀ। ਇਸ ਤੋਂ ਪਹਿਲਾਂ ਭਾਰਤੀਆਂ ਨੂੰ ਇਸ ਗੁਰਦੁਆਰੇ ਵਿੱਚ ਜਾਣ ਦੀ ਆਗਿਆ ਨਹੀਂ ਸੀ। ਸਿੱਖ ਇਤਿਹਾਸ ਮੁਤਾਬਕ 16ਵੀਂ ਸਦੀ ਵਿੱਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਕਸ਼ਮੀਰ ਤੋਂ ਸਿਆਲਕੋਟ ਪੁੱਜੇ ਸਨ, ਜਿੱਥੇ ਉਹ ਬੇਰੀ ਦੇ ਇੱਕ ਦਰੱਖਤ ਹੇਠ ਠਹਿਰੇ ਸਨ। ਇਥੇ ਉਨ੍ਹਾਂ ਦੀ ਯਾਦ ਵਿੱਚ ਸ. ਨੱਥਾ ਸਿੰਘ ਨੇ ਉਸ ਸਮੇਂ ਇਹ ਗੁਰਦੁਆਰਾ ਬਣਵਾਇਆ ਸੀ।

# ਤੇਲ ਨਾਲ ਚੱਲਣ ਵਾਲੇ ਵਾਹਨ 2035 ਤੱਕ ਖ਼ਤਮ ਹੋਣਗੇ



ਸਾਨ ਫਰਾਂਸਿਸਕੋ, 27 ਸਤੰਬਰ (ਪੋਸਟ ਬਿਊਰੋ)- ਬੇਸ਼ੱਕ 15 ਦੇਸ਼ਾਂ ਨੇ ਗੈਸ ਨਾਲ ਚੱਲਦੀਆਂ ਕਾਰਾਂ ਨੂੰ ਬਾਹਰ ਕੱਢਣ ਲਈ ਵਚਨਬੱਧਤਾ ਦਿਖਾਈ ਹੈ, ਪਰ ਕੈਲੀਫੋਰਨੀਆਂ 100 ਫੀਸਦੀ ਜ਼ੀਰੋ-ਨਿਕਾਸੀ ਵਾਹਨਾਂ ਨੂੰ ਮਿਥਣ ਵਾਲਾ ਅਮਰੀਕਾ ਦਾ ਪਹਿਲਾ ਰਾਜ ਹੋਵੇਗਾ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਜ਼ਮ ਨੇ ਇੱਕ ਕਾਰਜਕਾਰੀ ਆਦੇਸ਼ ਜਾਰੀ ਕਰਦਿਆਂ ਜ਼ੋਰ ਦੇ ਕੇ ਕਿਹਾ ਕਿ ਇਸ ਰਾਜ ਨੂੰ ਜਲਵਾਯੂ ਤਬਦੀਲੀ ਵਿਰੁੱਧ ਲੜਾਈ ਵਿੱਚ ਸਭ ਤੋਂ ਅੱਗੇ ਹੋਣਾ ਚਾਹੀਦਾ ਹੈ।

ਗਵਰਨਰ ਨੇ ਕਿਹਾ ਕਿ 2035 ਤੱਕ ਸਭ ਨਵੀਂਆਂ ਕਾਰਾਂ ਦੀ ਵਿਕਰੀ ਜ਼ੀਰੋ ਪ੍ਰਦੂਸ਼ਨ ਨਿਕਾਸੀ ਵਾਹਨ ਹੋਣ ਦਾ ਟੀਚਾ ਮਿਥਿਆ ਗਿਆ, ਜਿਸ ਨੂੰ ਪੂਰਾ ਕੀਤਾ ਜਾਵੇਗਾ। ਗਵਰਨਰ ਨਿਊਜ਼ਮ ਦੇ ਆਦੇਸ਼ ਹੇਠ ਕੈਲੀਫੋਰਨੀਆ ਏਅਰ ਸਰੋਤ ਬੋਰਡ ਗੈਸ ਨਾਲ ਚੱਲਦੀਆਂ ਨਵੀਂਆਂ ਕਾਰਾਂ ਤੇ ਹਲਕੇ ਟਰੱਕਾਂ ਨੂੰ 2035 ਤੱਕ ਜਿੱਥੋਂ ਤੱਕ ਸੰਭਵ ਹੋ ਸਕੇ, ਦਰਮਿਆਨੇ ਅਤੇ ਭਾਰੀ ਡਿਊਟੀ ਵਾਲੇ ਟਰੱਕਾਂ ਨੂੰ ਜ਼ੀਰੋ ਪ੍ਰਦੂਸ਼ਨ ਨਿਕਾਸੀ ਕੀਤਾ ਜਾਵੇਗਾ। ਨਿਊਜ਼ਮ ਨੇ ਆਦੇਸ਼ ’ਤੇ ਦਸਖ਼ਤ ਕਰਨ ਤੋਂ ਪਹਿਲਾਂ ਸੈਕਰਾਮੈਂਟੋ ਵਿੱਚ ਇੱਕ ਕਾਨਫਰੰਸ ਦੇ ਦੌਰਾਨ ਕਿਹਾ ਕਿ ਸਮੁੰਦਰ ਦੇ ਪੱਧਰ ਉਤੇ ਜੇ ਤੁਸੀਂ ਵਿਸ਼ਵ ਭਰ ਵਿੱਚ ਬਰਫ ਦੇ ਗਲੇਸ਼ੀਅਰਾਂ ਦੇ ਨੁਕਸਾਨ ਨੂੰ ਘੱਟ ਕਰਨਾ ਹੈ ਤਾਂ ਇਹ ਨੀਤੀ ਹੋਰ ਰਾਜਾਂ ਨੂੰ ਵੀ ਅਪਣਾਉਣੀ ਪਵੇਗੀ। ਨਿਊਜ਼ਮ ਦੇ ਕਾਰਜਕਾਰੀ ਆਦੇਸ਼ ਵਿੱਚ 2035 ਤੱਕ ਨਵੀਂਆਂ ਗੈਸੋਲੀਨ ਨਾਲ ਚੱਲਣ ਵਾਲੀਆਂ ਕਾਰਾਂ ਦੀ ਵਿਕਰੀ ਖ਼ਤਮ ਕਰਨ ਦਾ ਸੱਦਾ ਦਿੱਤਾ ਗਿਆ ਹੈ, ਪਰ ਇਹ ਏਅਰ ਸਰੋਤ ਬੋਰਡ ਨੂੰ ਉਸ ਸਾਲ ਤੱਕ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਤੁਰੰਤ ਨਿਯਮਾਂ ਦਾ ਖਰੜਾ ਤਿਆਰ ਕਰਨ ਦਾ ਆਦੇਸ਼ ਵੀ ਦਿੰਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ: 110 Glidden Rd., Brampton
ਜਾਂ ਫੇਰ ਈ-ਮੇਲ ਕਰੋ: jbrown@dundasjafine.com kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

A/Z CITY DRIVER WANTED
INNOVATION Transportation
○A/Z City Drivers Needed
○Good Pay and good Mileage
○Day, Afternoon & Weekend Shifts
○Weekly Pay
$22 /Hour
○7 Days Work ○All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here
(905)793-2202
To Reach Wider Audience




# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 26, ਕੱਦ 5 ਫੁਟ 11 ਇੰਚ, ਦਾੜ੍ਹੀ ਕੇਸ ਰੱਖੋ ਹੋਏ ਕੈਨੇਡੀਅਨ ਸਿਟੀਜਨ ਫੈਡਰਲ ਗਵਰਨਮੈਂਟ ਵਿਚ ਲੈਵਲ 3 ਦੀ ਜੌਬ ਕਰਦੇ ਲੜਕੇ ਲਈ ਸੁੰਦਰ, ਸੁਸ਼ੀਲ ਚੰਗੇ ਘਰਾਣੇ ਦੀ ਲੜਕੀ ਦੀ ਲੋੜ ਹੈ, ਜਿਹੜੀ ਵਾਲ ਨਾ ਕੱਟਦੀ ਹੋਵੇ। ਲੜਕੇ ਦਾ ਪਰਿਵਾਰ ਲੰਬੇ ਸਮੇਂ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ।
ਸੰਪਰਕ: 613-799-8090 Email: singhmohan2006@gmail.com

ਰਵਿਦਾਸ ਲੜਕਾ, ਉੱਮਰ 27 ਸਾਲ, ਕੱਦ 6'2'', ਕੈਨੇਡੀਅਨ ਪੀ ਆਰ, ਜੋਬ ਟਰੱਕ ਚਲਾਉਂਦਾ ਹੈ ਅਤੇ ਵੇਲ ਸਟੈਲਡ ਹੈ, ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ/ ਵਰਕ ਪਰਮਟ ਹੋਲਡਰ ਲੜਕੀਆਂ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-419-6097 ਜਾਂ 437-993-7620

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਜੱਟ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਲੜਕਾ ਪਹਿਲਾਂ ਸ਼ਾਦੀਸ਼ੁਦਾ ਸੀ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜ਼ਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿਚ ਪੋਸਟ ਗ੍ਰੇਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ।
ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772


ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Match for a Jat Sikh girl 26, 5'5'' BBA (Accounting) Canada, Accountant, PR in process. Vegetarians preferred. Contact; gb.bhandal@gmail.com

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654



UPPAL LAW
AVTAR UPPAL Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY



ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com




FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017




NEW CONDOS COMING SOON
Beautiful nature, luxurious amenities, a rooftop lifestyle park, close to urban conveniences, in vibrant downtown Mississauga.
Starting From $440,900

FREE ASSIGNMENT
PERMISSION TO LEASE DURING OCCUPANCY
CAPPED DEVELOPMENT CHARGERS

QUICK FACTS
Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

EXTENDED DEPOSIT STRUCTURE
$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy



Residential
Commercial
Investment

Century 21
President Realty Inc
Brokerage*
Independently Owned and Operated.
Grewalhomes.com

Jagdish Grewal
Sales Representative
416 877-6464
or E-mail Jagdish@grewalhomes.com

